# ਸਤਿਸੰਗ

# ਗੁਰਬਾਣੀ ਉਪਮਾ

**ਸੋਰਠਿ ਮਹਲਾ ੫॥ (ਅੰਗ 610)**

**ਤਨੁ ਸੰਤਨ ਕਾ ਧਨੁ ਸੰਤਨ ਕਾ**

**ਮਨੁ ਸੰਤਨ ਕਾ ਕੀਆ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐਸ. ਜੀ. ਐਸ. ਜਨ ਸੇਵਾ ਕੇਂਦਰ ਗੜ੍ਹਾ ਨਾਲ ਸੰਬੰਧਿਤ ਦਿੱਲੀ, ਜਿਲ੍ਹਾ ਗੁਰਦਾਸਪੁਰ, ਵੈਨਕੂਵਰ, ਟਰਾਂਟੋ, (ਕਨੇਡਾ) ਯੂ.ਏ.ਈ, ਹਰਿਆਣਾ, ਸ. ਅਮਰੀਕ ਸਿੰਘ ਅਤੇ ਸ. ਕੁਲਵਿੰਦਰ ਸਿੰਘ ਨਿਊਜਰਸੀ, ਸੁਰਿੰਦਰ ਸਿੰਘ ਜਾਰਜੀਆ ਯੂ.ਐਸ.ਏ., ਜਸਵੰਤ ਸਿੰਘ ਦੁਬਈ, ਅਤੇ ਦੇਸ਼ ਵਿਦੇਸ਼ ਦੇ ਹਰ ਪ੍ਰਾਣੀ ਨੇ ਯਥਾ ਸ਼ਕਤੀ ਸੇਵਾ ਤਨ ਮਨ ਅਤੇ ਧਨ ਦੁਆਰਾ ਕੀਤੀ ਹੈ। ਇਹਨਾਂ ਸਭ ਨੇ ਖਾਲਸਾ ਜੀ ਦਾ 311ਵਾਂ ਸਿਰਜਣਾ ਦਿਵਸ ਮਨਾਉਂਦਿਆਂ ਧੁਰ ਕੀ ਬਾਣੀ ਦਾ ਓਟ ਆਸਰਾ ਲੈ ਕੇ ਅਖੰਡ ਪਾਠ ਕਰਵਾਇਆ ਹੈ। ਜਿਸ ਦਾ ਅੱਜ ਨਿਰਵਿਘਨ ਭੋਗ ਪਾਇਆ ਗਿਆ ਹੈ। ਭੋਗ ਤੋਂ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਸੋਈ ਸਾਰੀ ਆਈ ਸੰਗਤ ਨੂੰ ਅਤੇ ਦੇਸ਼ ਵਿਦੇਸ਼ ਦੀ ਸੰਗਤ ਨੂੰ ਤਥਾ ਸਾਰੇ ਸਿੱਖ ਜਗਤ ਨੂੰ ਖਾਲਸਾ ਜੀ ਦੇ 311ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਰਤਾਜ ਸਾਨੂੰ ਇੱਕ ਜੁਗਤੀ, ਭੇਦ ਬਖਸ਼ਿਸ਼ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਉ ! ਜਦੋਂ ਤੁਸੀਂ ਆਪਣਾ ਤਨ, ਮਨ ਅਤੇ ਧਨ ਸੰਤਾਂ ਦਾ ਸਮਝੋਗੇ ਫੇਰ ਤੁਹਾਡੇ ਉੱਪਰ ਬਖਸ਼ਿਸ਼ ਹੋਵੇਗੀ। ਸਾਡੇ ਹਜ਼ੂਰ ਧਿਆਨਪੁਰ ਵਾਲਿਆਂ ਨੇ ਇੱਕ

ਵਾਰ ਆਪਣੀ ਧਰਮ ਪਤਨੀ ਨੂੰ ਨਾਲ ਲਿਆ ਅਤੇ ਜਾ ਕੇ ਬਾਬਾ ਦੇਵਾ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਹਜ਼ੂਰ ਪਰਿਵਾਰ ਵਿੱਚ ਕਮਾਈ ਦੀ ਕਮੀ ਹੈ। ਕਾਰੋਬਾਰ ਠੀਕ ਨਹੀਂ ਚੱਲ ਰਿਹਾ। ਬੱਚਿਆਂ ਦੇ ਲਿਬਾਸ ਅਤੇ ਪੜ੍ਹਾਈ ਵਿੱਚ ਬਹੁਤ ਵਿਘਨ ਪੈ ਰਿਹਾ ਹੈ। ਤਦ ਬਾਬਾ ਦੇਵਾ ਸਿੰਘ ਜੀ ਸਾਡੇ ਹਜ਼ੂਰ ਨੂੰ ਪੁੱਛਣ ਲੱਗੇ ਕਿ ਇਹ ਬੱਚੇ ਕਿਸ ਦੇ ਹਨ? ਹਜ਼ੂਰ ਨੇ ਉੱਤਰ ਦਿੱਤਾ ਹਜ਼ੂਰ ਦੇ ਹਨ। ਬਾਬਾ ਜੀ ਕਹਿਣ ਲੱਗੇ ਜੇ ਬੱਚੇ ਹਜ਼ੂਰ ਦੇ ਹਨ ਫੇਰ ਹਜ਼ੂਰ ਚਾਹੇ ਆਪਣੇ ਬੱਚਿਆਂ ਨੂੰ ਨੰਗੇ ਰੱਖਣ ਜਾਂ ਭੁੱਖੇ ਰੱਖਣ ਤੂੰ ਵਿੱਚ ਕੀ ਲੱਗਦਾ ਏਂ? ਹਜ਼ੂਰ ਕਹਿਣ ਲੱਗੇ ਹਜ਼ੂਰ! ਅਸੀਂ ਭੁੱਲ ਗਏ ਹਾਂ। ਬਾਬਾ ਜੀ ਕਹਿਣ ਲੱਗੇ ਅਸੀਂ ਸਾਰਿਆਂ ਦਾ ਠੇਕਾ ਲਿਆ ਹੋਇਆ ਹੈ? ਹਜ਼ੂਰ ਨੇ ਕਿਹਾ ਹਜ਼ੂਰ ਅਗਰ ਤੁਸੀਂ ਠੇਕਾ ਲਿਆ ਹੋਇਆ ਹੈ ਤਦ ਹੀ ਇਹ ਗੱਲ ਕਹੀ ਹੈ। ਸਾਡੇ ਹਜ਼ੂਰ ਨੇ ਦੱਸਿਆ ਜਦੋਂ ਉਹ ਤਰਨਤਾਰਨ ਤੋਂ ਵਾਪਸ ਧਿਆਨਪੁਰ ਆਪਣੇ ਘਰ ਪਹੁੰਚੇ ਤਾਂ ਆਉਂਦਿਆਂ ਨੂੰ ਖੰਡ, ਦਾਲਾਂ, ਘਿਉ, ਆਟੇ ਦੇ ਢੇਰ ਲੱਗੇ ਪਏ ਸੀ। ਰਾਤ ਨੂੰ ਹੀ ਧਿਆਨਪੁਰ ਵਿੱਚ ਜੋ ਬਾਬਾ ਲਾਲ ਜੀ ਦੀ ਗੱਦੀ ਹੈ, ਉਹਨਾਂ ਦੇ ਮਹੰਤਾਂ ਨੂੰ ਉਹਨਾਂ ਦੇ ਸੰਤਾਂ ਦੇ ਸਰੂਪ ਵਿੱਚ ਦਰਸ਼ਨ ਦੇ ਕੇ ਕਿਹਾ ਕਿ ਸੁਆਮੀ ਗੁਰਬਚਨ ਲਾਲ ਦੇ ਘਰ ਆਹ ਵਸਤਾਂ ਛੱਡ ਕੇ ਆਉ। ਫਰਜ ਕਰੋ ਤੁਹਾਨੂੰ ਹਜ਼ੂਰ ਦਰਸ਼ਨ ਦੇ ਕੇ ਕਹਿਣ ਕਿ ਫਟਾਫਟ ਆਹ ਚੀਜ ਉੱਥੇ ਛੱਡ ਕੇ ਆ, ਤਦ ਤੁਸੀਂ ਵੀ ਬਚਨ ਜਰੂਰ ਮੰਨੋਗੇ। ਜਦੋਂ ਉਹਨਾਂ ਨੇ ਸਾਰੀ ਗੱਲ ਦੱਸੀ ਤਦ ਹਜ਼ੂਰ ਨੇ ਦੱਸਿਆ ਕਿ ਉਹ ਵਾਪਸ ਬਾਬਾ ਜੀ ਕੋਲ ਭੱਜੇ ਗਏ ਅਤੇ ਜਾ ਕੇ ਕਿਹਾ ਹਜ਼ੂਰ ਮੈਂ ਭੁੱਲ ਗਿਆ ਸੀ। ਸੰਤਾਂ ਨੇ ਫਰਮਾਇਆ ਹੈ ਕਿ

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ (ਅੰਗ 286)*

ਤਥਾ

*ਜੇ ਤੂੰ ਮੇਰਾ ਹੋ ਜਾਏਂ ਸਭ ਜਗ ਤੇਰਾ ਹੋਇ।*
*ਬਾਲ ਨ ਬਾਂਕਾ ਕਰ ਸਕੇ ਚਾਹੇ ਸਭ ਜਗ ਬੈਰੀ ਹੋਈ॥*

ਅਗਰ ਹਜ਼ੂਰ ਦੀ ਕਿਰਪਾ ਹੋਵੇ ਉਸ ਇਨਸਾਨ ਨਾਲ ਚਾਹੇ ਕੋਈ ਕਿੰਨੀ ਵੀ ਈਰਖਾ ਕਰਦਾ ਹੋਵੇ ਉਸ ਇਨਸਾਨ ਦਾ ਵਾਲ ਵਿੰਗਾ ਨਹੀਂ ਹੋ ਸਕਦਾ। ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਉਤੋਂ ਉਤੋਂ ਕਹਿੰਦੇ ਹਾਂ। ਪਰ ਜੇਕਰ ਅਸੀਂ ਆਪਣਾ ਤਨ, ਮਨ ਅਤੇ ਧਨ ਸੰਤਾਂ ਦੇ ਅਰਪਣ ਕਰ ਦੇਈਏ ਫੇਰ ਜੋ ਬਖਸ਼ਿਸ਼ ਹੁੰਦੀ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ**
**ਸਰਬ ਕੁਸਲ ਤਬ ਥੀਆ॥੧॥**

ਤੁਸੀਂ ਕਦੇ ਵੀ ਭੁੱਲ ਕੇ ਇਹ ਨਾ ਕਹਿ ਦਿਉ ਕਿ ਅਸੀਂ ਸਿਮਰਨ, ਪਾਠ ਕਰਦੇ ਹਾਂ ਕਿਉਂਕਿ ਐਸਾ ਨਹੀਂ ਹੈ।

*ਸੇ ਸਿਮਰਹਿ ਜਿਨ ਆਪਿ ਸਿਮਰਾਏ॥*
*ਨਾਨਕ ਤਾ ਕੈ ਲਾਗਉ ਪਾਏ॥੩॥ (ਅੰਗ 262-63)*

ਤਥਾ

*ਦੁਹਾ ਸਿਰਿਆ ਕਾ ਆਪਿ ਸੁਆਮੀ॥*
*ਖੇਲੈ ਬਿਗਸੈ ਅੰਤਰਜਾਮੀ॥ (ਅੰਗ 277)*

ਜਦੋਂ ਤੁਸੀਂ ਕਹੋਗੇ ਕਿ ਹਜ਼ੂਰ ਮੇਰੇ ਕੋਲੋਂ ਸਿਮਰਨ ਕਰਵਾ ਲਉ। ਗੁਰਪ੍ਰਸਾਦਿ ਤੋਂ ਭਾਵ ਹੈ ਗੁਰੂ ਦੇ ਸਮਰਪਿਤ ਹੋ ਕੇ ਕਹਿਣਾ ਕਿ ਹਜ਼ੂਰ ਆਪਣਾ ਸਿਮਰਨ ਆਪ ਕਰਾਉ। ਫੇਰ

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ॥੧॥ (ਅੰਗ 403)*

ਜੀਵ ਦੇ ਜਿੰਨੇ ਵੀ ਕਾਰਜ ਹਨ ਹਜ਼ੂਰ ਆਪ ਜਾ ਕੇ ਸੁਆਰਦੇ ਹਨ।

*ਸੰਤਾਂ ਦੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ॥ (ਅੰਗ 83)*

ਜਦੋਂ ਤੁਸੀਂ ਮਾਲਿਕ ਦੇ ਸਮਰਪਿਤ ਹੋ ਜਾਵੋਗੇ ਫੇਰ ਹਰ ਸਮੇਂ ਅਤੇ ਹਰ ਜਗ੍ਹਾ ਤੁਹਾਨੂੰ ਖੁਸ਼ੀਆਂ ਹੀ ਮਿਲਣਗੀਆਂ।

**ਸੰਤਨ ਬਿਨੁ ਅਵਰੁ ਨ ਦਾਤਾ ਬੀਆ॥**

ਭੈਣ-ਭਰਾ, ਰਿਸ਼ਤੇਦਾਰ, ਦੋਸਤ, ਮਿੱਤਰ ਕਿਸੇ ਵਕਤ ਥੋੜ੍ਹੀ ਜਿਹੀ ਮਦਦ ਕਰਕੇ ਕਹਿਣਗੇ ਕਿ ਮੈਂ ਉਸ ਸਮੇਂ ਤੇਰੀ ਆਹ ਮਦਦ ਕੀਤੀ ਸੀ। ਪਰ ਸੰਤ ਐਸਾ ਨਹੀਂ ਕਰਦੇ। ਉਹ ਤਾਂ

*ਜੋ ਕੀਆ ਸੋ ਕੀਆ ਜੋ ਦੀਆ ਸੋ ਦੀਆ*
*ਇਕ ਬਾਤ ਸੰਤੋਂ ਮੇਂ ਹੈ।*
*ਗਰਜੇਂ ਤੋਂ ਘੋਰ ਬਰਸੇਂ ਨਾ ਬੂੰਦ*
*ਯਿਹ ਫਰੇਬ ਮੇਘੋਂ ਮੇਂ ਹੈ।*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੈਨੂੰ ਆਪਣੇ ਸੰਤਾਂ ਵਰਗਾ ਦੁਨੀਆਂ ਵਿੱਚ ਹੋਰ ਕੋਈ ਨਹੀਂ ਨਜ਼ਰ ਆਇਆ।

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ (ਅੰਗ 1362)*

ਤਥਾ

*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡ ਨ ਸਾਈਆ॥*
*(ਅੰਗ 1098)*

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਆਪਣੇ ਸਤਿਗੁਰ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੀ ਉਸਤਿਤ ਅਤੇ ਸੋਭਾ ਕੀਤੀ ਹੈ। ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੇ ਸਾਹਿਬਜ਼ਾਦੇ ਸਨ। ਪਰ ਉਹਨਾਂ ਨੇ ਪਿਉ-ਪੁੱਤਰ ਦੇ ਨਾਤੇ ਤੋਂ ਉੱਪਰ ਉੱਠ ਕੇ ਇਹ ਬਚਨ ਕੀਤੇ

ਹਨ। ਲੋਕਾਂ ਨੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਪੁੱਛਿਆ ਕਿ ਤੁਸੀਂ ਜਿਸ ਨੂੰ ਸੱਚਾ ਸਾਹਿਬ, ਕਹਿੰਦੇ ਹੋ ਉਹ ਕੌਣ ਹੈ? ਹਜ਼ੂਰ ਨੇ ਉੱਤਰ ਵਿੱਚ ਫੁਰਮਾਇਆ ਦਿੱਤਾ ਕਿ

*ਸਾਚਾ ਸਾਹਿਬ ਬਾਪ ਹਮਾਰਾ।*

ਜਿਸ ਦੇ ਗ੍ਰਹਿ ਵਿਖੇ ਅਸੀਂ ਜਨਮ ਲਿਆ ਹੈ ਉਹੋ ਹੀ ਮੇਰਾ ਪਿਤਾ ਸੱਚਾ ਸਾਹਿਬ ਹੈ। ਹਜ਼ੂਰ ਇਹ ਭੇਦ ਇਸ ਕਰਕੇ ਬਖਸ਼ ਰਹੇ ਹਨ ਕਿਉਂਕਿ ਚਾਰ ਨਾਤੇ

*ਸਹੁਰੇ ਪੇਕੇ ਨਾਨਕੇ,*
*ਅਉਰ ਲੰਗੋਟੀਏ ਯਾਰ।*
*ਇਹ ਚਾਰੇ ਭਾਵ ਨਹੀਂ ਰੱਖਦੇ*
*ਚਾਹੇ ਕਿੰਨਾ ਕਰ ਲਉ ਪਿਆਰ।*

ਨਾਨਕੇ ਕਹਿੰਦੇ ਹਨ ਕਿ ਉਹ ਇੱਥੇ ਹੀ ਨੰਗਾ ਤੁਰਿਆ ਫਿਰਦਾ ਹੁੰਦਾ ਸੀ। ਸਾਡਾ ਦੋਹਤਰਾ ਹੈ ਛੋਟਾ ਜਿਹਾ ਹੁੰਦਾ ਸੀ। ਦੋਸਤ ਮਿੱਤਰ ਅਤੇ ਜਿੱਥੇ ਜੀਵ ਜੰਮਿਆ ਹੋਵੇ ਉਹ ਕਹਿੰਦੇ ਹਨ ਕਿ ਇਹ ਇੱਥੇ ਸਾਡੇ ਕੋਲ ਸਾਡੇ ਨਾਲ ਹੀ ਗੁੱਲੀ ਡੰਡਾ ਖੇਡਦਾ ਹੁੰਦਾ ਸੀ। ਸਹੁਰੇ ਵੀ ਕਹਿੰਦੇ ਹਨ ਕਿ ਯਾਰ ਇੱਥੇ ਹੀ ਢੁੱਕਿਆ ਸੀ। ਉਦੋਂ ਸੁੱਕੜ ਜਿਹਾ ਹੁੰਦਾ ਸੀ। ਇੰਝ ਇੰਝ ਕਰਕੇ ਲੱਤਾਂ ਨਾਲ ਤੁਰਦਾ ਹੁੰਦਾ ਸੀ ਹੁਣ ਐਵੇਂ ਚੌੜਾ ਹੋਇਆ ਫਿਰਦਾ ਹੈ। ਬੇਗਾਨਾ ਜੀਵ ਚਾਹੇ ਰਾਤੋਂ ਰਾਤ ਠੱਗ ਕੇ ਲੈ ਜਾਵੇ ਉਸ ਉੱਪਰ ਵਿਸ਼ਵਾਸ ਕਰ ਲੈਂਦੇ ਹਨ ਪਰ ਆਪਣੇ ਉੱਪਰ ਵਿਸ਼ਵਾਸ ਨਹੀਂ ਕਰਦੇ ਹਾਂਲਾਕਿ ਉਸ ਬਾਰੇ ਉਹਨਾਂ ਨੂੰ ਸਭ ਕੁਝ ਪਤਾ ਹੁੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਵਿਸ਼ਵਾਸ ਭਾਗਾਂ ਨਾਲ ਹੀ ਆਉਂਦਾ ਹੈ।

**ਜੋ ਜੋ ਸਰਣਿ ਪਰੈ ਸਾਧੂ ਕੀ**
**ਸੋ ਪਾਰਗਰਾਮੀ ਕੀਆ॥ ਰਹਾਉ॥**

ਜੋ ਵੀ ਜੀਵ ਸਾਧੂਆਂ ਦੀ ਸੰਗਤ ਵਿੱਚ ਆਉਂਦੇ ਹਨ ਸਾਧੂ ਉਹਨਾਂ ਨੂੰ ਪਾਰਬ੍ਰਹਮ ਪਹੁੰਚਾ ਦਿੰਦੇ ਹਨ। ਸਾਧੂ ਅਤੇ ਸੰਤ ਐਸੀ ਬਖਸ਼ਿਸ਼ ਅਤੇ ਰਹਿਮਤ ਕਰਦੇ ਹਨ।

**ਕੋਟਿ ਪਰਾਧੁ ਮਿਟਹਿ ਜਨ ਸੇਵਾ**
**ਹਰਿ ਕੀਰਤਨੁ ਰਸਿ ਗਾਈਐ॥**

ਬਜੁਰਗ ਮਾਤਾ ਪਿਤਾ ਵੀ ਜਨ ਹਨ। ਅਗਰ ਕੋਈ ਗਰੀਬ, ਦੁਖੀਆ ਬੀਮਾਰ ਹੈ ਜਦੋਂ ਅਸੀਂ ਉਹਨਾਂ ਦੀ ਸੇਵਾ ਕਰਦੇ ਹਾਂ ਤਾਂ ਗੁਰਬਾਣੀ ਸਾਡੇ ਕਈ ਅਪਰਾਧ ਮਾਫ਼ ਕਰ ਦਿੰਦੀ ਹੈ। ਅਗਰ ਤੁਹਾਡਾ ਬੱਚਾ ਬੀਮਾਰ ਹੈ ਅਤੇ ਕੋਈ ਡਾਕਟਰ ਜਾਂ ਕੋਈ ਹੋਰ ਜੀਵ ਉਸਦਾ ਇਲਾਜ ਕਰਕੇ ਉਸਨੂੰ ਬਚਾ ਦਿੰਦਾ ਹੈ ਤਦ ਮਾਂ ਪਿਉ ਸਾਰੀ ਜਿੰਦਗੀ ਇਹ ਕਹਿੰਦੇ ਹਨ ਕਿ ਸਾਡੇ ਬੱਚੇ ਨੂੰ ਫਲਾਣੇ ਡਾਕਟਰ ਨੇ ਬਚਾਇਆ ਹੈ। ਅਸੀਂ ਉਸ ਮਾਲਿਕ ਦੇ ਬੱਚੇ ਹਾਂ। ਅਗਰ ਸਾਡੀ ਕੋਈ ਮਦਦ ਕਰਦਾ ਹੈ ਤਦ ਮਾਲਿਕ ਉਸ ਦੀ ਸਹਾਇਤਾ ਕਰਦੇ ਹਨ ਕਿ ਭਈ ਇਸ ਨੇ ਮੇਰੇ ਬੱਚਿਆਂ ਦੀ ਸਹਾਇਤਾ ਕੀਤੀ ਹੈ ਇਸ ਨੂੰ ਕੁਝ ਨਾ ਕੁਝ ਫਲ ਦਿੱਤਾ ਜਾਵੇ। ਤਦੇ ਗੁਰਬਾਣੀ ਵਿੱਚ ਦਰਜ ਹੈ ਕਿ

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*(ਅੰਗ 136)*

ਇੱਕ ਜੀਵ ਵੈਸਾਖੀ ਤੇ ਜਾਂਦਾ ਹੈ, ਹਰਿਦੁਆਰ ਜਾਂਦਾ ਹੈ, ਐਥੇ ਸਤਿਸੰਗ ਸੁਣਦਾ ਹੈ, ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦਾ ਹੈ, ਸ੍ਰੀ ਦਰਬਾਰ ਸਾਹਿਬ ਵੀ ਜਾਂਦਾ ਹੈ, ਸ੍ਰੀ ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਦਮਦਮਾ ਸਹਿਬ ਸਭ ਜਗ੍ਹਾ ਜਾਂਦਾ ਹੈ। ਪਰ ਇੱਕ ਜੀਵ ਇੱਕ ਲਾਚਾਰ ਬੰਦੇ, ਜਖ਼ਮੀ ਹੋਏ ਬੰਦੇ ਨੂੰ ਸੜਕ ਤੋਂ ਚੁੱਕ ਕੇ ਹਸਪਤਾਲ ਪਹੁੰਚਾਉਂਦਾ ਹੈ ਉਸ ਦੀ ਸੇਵਾ ਹਜ਼ੂਰ ਪਹਿਲਾਂ ਕਬੂਲ ਕਰਦੇ ਹਨ।

ਕੋਈ ਜੀਵ ਸੜਕ ਉੱਪਰ ਜਖ਼ਮੀ ਹੋਇਆ ਪਿਆ ਸੀ। ਨੇੜੇ ਦੀ ਗੁਰਦੁਆਰੇ ਦਾ ਗ੍ਰੰਥੀ ਲੰਘ ਰਿਹਾ ਸੀ। ਉਹ ਜੀਵ ਕਹਿਣ ਲੱਗਾ ਓ ਸਿੰਘਾ, ਓ ਸਰਦਾਰਾ, ਓ ਗੁਰਸਿੱਖਾ! ਮੈਂ ਜਖ਼ਮੀ ਹਾਂ ਮੈਨੂੰ ਹਸਪਤਾਲ ਪਹੁੰਚਾ ਦੇ। ਗ੍ਰੰਥੀ ਕਹਿਣ ਲੱਗਾ ਮੇਰਾ ਰਹਿਰਾਸ ਦਾ ਵੇਲਾ ਹੈ ਮੈਂ ਤੈਨੂੰ ਕਿਵੇਂ ਪਹੁੰਚਾਵਾਂ। ਪੰਡਿਤ ਨੂੰ ਕਿਹਾ ਤਾਂ ਉਹ ਕਹਿਣ ਲੱਗਾ ਮੇਰਾ ਆਰਤੀ ਦਾ ਸਮਾਂ ਹੈ ਮੈਂ ਜਲਦੀ ਮੰਦਰ ਪਹੁੰਚ ਕੇ ਘੰਟੀਆਂ ਖੜਕਾਉਣੀਆਂ ਹਨ। ਮੌਲਵੀ ਨੂੰ ਕਿਹਾ ਤਾਂ ਉਹ ਕਹਿਣ ਲੱਗਾ ਮੇਰਾ ਨਮਾਜ਼ ਪੜਨ ਦਾ ਵੇਲਾ ਹੈ। ਕ੍ਰਿਸਚੀਅਨ ਮੱਤ ਵਾਲਾ ਕਹਿਣ ਲੱਗਾ ਮੇਰੀ ਪ੍ਰੇਅਰ ਦਾ ਵੇਲਾ ਹੈ। ਇੱਕ ਜੀਵ ਜੋ ਨਾਸਤਕ ਸੀ ਕਾਮਰੇਡ ਸੀ। ਕਿਸੇ ਧਰਮ ਨੂੰ ਨਹੀਂ ਮੰਨਦਾ ਸੀ। ਉਹ ਕਾਰਖਾਨੇ ਨੂੰ ਜਾਂ ਖੇਤਾਂ ਵਿੱਚ ਮਜਦੂਰੀ ਕਰਨ ਜਾ ਰਿਹਾ ਸੀ। ਉਹ ਆਪਣੇ ਨਾਲ ਵਾਲੇ ਸਾਥੀ ਨੂੰ ਕਹਿਣ ਲੱਗਾ ਤੂੰ ਜਾ ਕੇ ਮਾਲਿਕ ਨੂੰ ਦੱਸ ਦੇਵੀਂ ਕਿ ਰਾਸਤੇ ਵਿੱਚ ਇੱਕ ਜੀਵ ਜਖ਼ਮੀ ਪਿਆ ਸੀ ਮੈਂ ਉਸਨੂੰ ਹਸਪਤਾਲ ਛੱਡਣ ਜਾ ਰਿਹਾਂ ਹਾਂ। ਮਾਲਿਕ ਮੇਰੀ ਅੱਧੀ ਦਿਹਾੜੀ ਕੱਟ ਲਵੇ ਜਾਂ ਮੈਂ ਥੋੜਾ ਜਿਹਾ ਲੇਟ ਆਵਾਂਗਾ। ਜਦੋਂ ਉਸਨੇ ਜਖ਼ਮੀ ਨੂੰ ਹਸਪਤਾਲ ਪਹੁੰਚਾਇਆ ਤਾਂ ਰੱਬ, ਭਗਵਾਨ ਨੇ ਉਸ ਜੀਵ ਨੂੰ ਦਰਸ਼ਨ ਦੇ ਕੇ ਕਿਹਾ ਕਿ ਮੰਗ ਤੂੰ ਕੀ ਚਾਹੁੰਦਾ ਏਂ? ਉਸ ਜੀਵ ਨੇ ਪੁੱਛਿਆ ਤੂੰ ਮੇਰੇ ਕੋਲ ਕਿਵੇਂ ਆਇਆ ਏਂ? ਤੂੰ ਮੈਨੂੰ ਇਹ ਤਾਂ ਦੱਸ ਕਿ ਤੂੰ ਕੌਣ ਏਂ?ਭਗਵਾਨ ਨੇ ਉੱਤਰ ਦਿੱਤਾ ਮੈਂ ਭਗਵਾਨ ਹਾਂ, ਅੱਲਾਹ, ਗਾਡ, ਰਾਮ ਹਾਂ। ਉਸ ਜੀਵ ਨੇ ਕਿਹਾ ਮੈਂ ਤਾਂ ਤੁਹਾਡਾ ਜਾਪ ਨਹੀਂ ਕਰਦਾ ਫੇਰ ਤੁਸੀਂ ਮੇਰੇ ਕੋਲ ਕੀ ਕਰਨ ਆਏ ਹੋ? ਭਗਵਾਨ ਕਹਿਣ ਲੱਗੇ ਮੈਂ ਇਸ ਕਰਕੇ ਆਇਆ ਹਾਂ ਕਿਉਂਕਿ ਤੂੰ ਮੇਰੀ ਖਲਕਤ ਨਾਲ ਪਿਆਰ ਕਰਦਾ ਏਂ। ਮੌਲਵੀ, ਪੰਡਿਤ, ਭਾਈ ਸਾਰੇ ਸ਼ਰ੍ਹਾ ਵਿੱਚ ਫਸੇ ਹੋਏ ਸੀ। ਤੇਰੀ ਨੌਕਰੀ ਵਿੱਚ ਤੇਰਾ ਮਾਲਿਕ ਵੀ ਤੈਨੂੰ ਸਜ਼ਾ ਦੇ ਸਕਦਾ ਸੀ। ਪਰ ਤੂੰ ਇਸ ਨੂੰ ਹਸਪਤਾਲ ਲੈ ਕੇ ਆਇਆ ਏਂ। ਇਸ ਕਰਕੇ ਮੈਂ ਤੇਰੇ ਤੋਂ ਪ੍ਰਸੰਨ ਹਾਂ। ਸੋਈ

*ਬੜੇ ਪਿਆਰ ਸੇ ਮਿਲਨਾ ਸਭ ਸੇ*
*ਦੁਨੀਆਂ ਮੇਂ ਇਨਸਾਨ ਰੇ।*
*ਨ ਜਾਨੇ ਕਿਸ ਭੇਸ ਮੇਂ ਬਾਬਾ*
*ਮਿਲ ਜਾਏ ਤੁਝੇ ਭਗਵਾਨ ਰੇ।*

ਅਗਰ ਤੁਹਾਡੀ ਕਿਸੇ ਨਾਲ ਹਮਦਰਦੀ ਹੀ ਨਹੀਂ ਹੈ ਤਦ ਤੁਹਾਡੇ ਪਾਠ-ਪੂਜਾ ਕਰਨ ਦਾ ਕੋਈ ਲਾਭ ਨਹੀਂ ਹੈ। ਤਦੇ ਸੰਤਾਂ ਨੇ ਫੁਰਮਾਇਆ ਹੈ ਕਿ ਇੱਕ ਜੀਵ ਅਠਾਹਠ ਤੀਰਥਾਂ ਤੇ ਜਾਂਦਾ ਹੈ ਅਤੇ ਇੱਕ ਕਿਸੇ ਜ਼ਖ਼ਮੀ, ਦੁਖੀਏ ਦੀ ਮਦਦ ਕਰਦਾ ਹੈ। ਜੋ ਦੁਖੀਏ ਦੀ ਮਦਦ ਕਰਦਾ ਹੈ ਉਸ ਨੂੰ ਅਠਾਹਠ ਤੀਰਥਾਂ ਦਾ ਫਲ ਮਿਲਦਾ ਹੈ। ਜੋ ਜੀਵ ਇਨਸਾਨ ਦੀ ਸੇਵਾ ਕਰਦੇ ਹਨ ਉਸ ਦੇ ਕਰੋੜਾਂ ਅਪਰਾਧ ਹਜ਼ੂਰ ਮਾਫ਼ ਕਰ ਦਿੰਦੇ ਹਨ। ਜਿਸ ਤਰ੍ਹਾਂ ਕੀਰਤਨ ਅਤੇ ਯਸ਼ ਕਰਨ ਵਾਲਿਆਂ ਉੱਪਰ ਹਜ਼ੂਰ ਕਿਰਪਾ ਕਰਦੇ ਹਨ ਇਸ ਤਰ੍ਹਾਂ ਉਹਨਾਂ ਉੱਪਰ ਵੀ ਕਿਰਪਾ ਕਰਦੇ ਹਨ ਜੋ ਇਨਸਾਨ ਦੀ ਸੇਵਾ ਕਰਦੇ ਹਨ।

**ਈਹਾ ਸੁਖੁ ਆਗੈ ਮੁਖ ਊਜਲ**

**ਜਨ ਕਾ ਸੰਗੁ ਵਡਭਾਗੀ ਪਾਈਐ॥੨॥**

ਅਜਿਹੇ ਪ੍ਰਾਣੀ ਨੂੰ ਲੋਕ ਅਤੇ ਪਰਲੋਕ ਵਿੱਚ ਖੁਸ਼ੀਆਂ ਮਿਲਦੀਆਂ ਹਨ। ਜਿਹੜਾ ਜੀਵ ਕਿਸੇ ਹਰੀ ਦੇ ਜਨ ਦੀ ਸੰਗਤ ਕਰਦਾ ਹੈ, ਉਹ ਭਾਗਾਂ ਵਾਲਾ ਹੁੰਦਾ ਹੈ।

**ਰਸਨਾ ਏਕ ਅਨੇਕ ਗੁਣ**

**ਪੂਰਨ ਜਨ ਕੀ ਕੇਤਕ ਉਪਮਾ ਕਹੀਐ॥**

ਹਜ਼ੂਰ! ਮੇਰੀ ਜੁਬਾਨ ਇੱਕ ਹੈ ਪਰ ਤੁਹਾਡੇ ਗੁਣ ਅਤੇ ਉਪਮਾ ਬਹੁਤੇ ਹਨ।

*ਜਿਹਵਾ ਏਕ ਕਵਨ ਗੁਨ ਕਹੀਐ॥*
*ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ॥*
*(ਅੰਗ 674)*

ਹਜ਼ੂਰ ਸਾਡੇ ਕੋਲੋਂ ਤੁਹਾਡੀ ਪੂਰੀ ਉਸਤਿਤ ਵੀ ਨਹੀਂ ਕੀਤੀ ਜਾ ਰਹੀ ਹੈ।

**ਅਗਮ ਅਗੋਚਰ ਸਦ ਅਬਿਨਾਸੀ**

**ਸਰਣਿ ਸੰਤਨ ਕੀ ਲਹੀਐ॥੩॥**

ਉਹ ਤਾਕਤ ਅਗੰਮ ਹੈ ਉਸ ਦੀ ਕੋਈ ਗੰਮਤਾ ਨਹੀਂ ਪਾ ਸਕਿਆ। ਉਹ ਤਾਕਤ ਅਗੋਚਰ ਹੈ। ਉਸ ਨੂੰ ਕੋਈ ਲੱਭ ਨਹੀਂ ਸਕਿਆ। ਅਗਰ ਤੁਸੀਂ ਉਸ ਤਾਕਤ ਦੀ ਸੰਗਤ ਕਰਨੀ ਹੈ, ਮਿਲਾਪ ਕਰਨਾ ਹੈ ਤਦ ਸੰਤਾਂ ਦੀ ਸੰਗਤ ਕਰੋ।

ਸੱਚਖੰਡ ਨੂੰ ਜਾਣ ਦਾ ਰਸਤਾ ਸੰਤ ਬਤਾਉਂਦੇ ਐ।

ਉਹ ਸੰਤ ਮਿਲਾਵੇ ਅਤੇ ਵਿਚੋਲੇ ਹੁੰਦੇ ਹਨ। ਉਹਨਾਂ ਦੀ ਸੰਗਤ ਕੀਤਿਆਂ ਉਸ ਮਾਲਿਕ ਦਾ, ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਦੀ ਬਾਣੀ, ਅੱਲਾਹ, ਗਾਡ, ਰਾਮ ਦਾ ਮਿਲਾਪ ਹੋ ਜਾਂਦਾ ਹੈ।

**ਨਿਰਗੁਨ ਨੀਚ ਅਨਾਥ ਅਪਰਾਧੀ**

**ਓਟ ਸੰਤਨ ਕੀ ਆਹੀ॥**

ਜੀਵ ਵਿੱਚ ਕੋਈ ਗੁਣ ਨਾ ਹੋਵੇ। ਔਗੁਣਾਂ ਦਾ ਭਰਿਆ ਹੋਵੇ ਤੇ ਨੀਚ, ਅਪਰਾਧੀ ਹੋਵੇ ਚਾਹੇ ਕਿੰਨੇ ਵੀ ਗੁਨਾਹ ਕੀਤੇ ਹੋਣ ਜਦੋਂ ਉਹ ਸੰਤਾਂ ਦੀ ਸੰਗਤ ਵਿੱਚ ਆਉਂਦਾ ਹੈ ਜੋ ਸਹੀ ਸੰਤ ਹੁੰਦੇ ਹਨ ਉਸ ਜੀਵ ਨੂੰ ਮਾਫ਼ ਕਰ ਦਿੰਦੇ ਹਨ।

*ਜੈਸਾ ਤੈਸਾ ਪਾਤਕੀ ਆਇਆ ਗੁਰ ਕੀ ਓਟ।*
*ਗਾਂਢੀ ਬਾਧੇ ਸਬਦ ਕੀ ਫਿਰ ਨਹੀ ਪਰਖੇ ਖੋਟ।*

ਚਾਹੇ ਕੋਈ ਕਾਮੀ, ਕਰੋਧੀ, ਕਪਟੀ ਜੀਵ ਆਉਂਦਾ ਹੈ ਜਦੋਂ ਉਹ ਆ ਕੇ ਗੁਰਬਾਣੀ ਅੱਗੇ ਸਿਰ ਝੁਕਾ ਕੇ ਮਾਫ਼ੀ ਮੰਗਦਾ ਹੈ ਗੁਰਬਾਣੀ ਉਸ ਨੂੰ ਬਖਸ਼ ਦਿੰਦੀ ਹੈ। ਹਜ਼ੂਰ ਪੰਜਵੇ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਹਨ ਕਿ ਅੱਜ ਤੁਹਾਨੂੰ ਅਸੀਂ ਵਿਸ਼ਵਾਸ ਦੁਆਉਂਦੇ ਹਾਂ ਕਿ ਚਾਹੇ ਤੁਹਾਡੇ ਕੋਲੋਂ ਕਿੰਨੀ ਵੀ ਭੁੱਲ, ਗਲਤੀ ਹੋਈ ਹੋਵੇ, ਅਪਰਾਧ ਕੀਤੇ ਹੋਣ। ਜਦੋਂ ਤੁਸੀਂ ਆਪਣੇ ਇਸ਼ਟ ਅੱਗੇ ਆ ਕੇ ਫਰਿਆਦ ਕਰਕੇ ਭੁੱਲ ਕਬੂਲ ਕਰ ਲੈਂਦੇ ਹੋ ਤਦ ਮਾਲਿਕ ਤੁਹਾਨੂੰ ਬਖਸ਼ ਦਿੰਦੇ ਹਨ। ਐਸਾ ਨਾ ਹੋਵੇ ਕਿ ਅਸੀਂ ਰੋਜ਼ ਹੀ ਭੁੱਲਾਂ ਕਰਕੇ ਮੁਆਫ਼ੀ ਮੰਗੀ ਜਾਈਏ। ਮਾਲਿਕ ਨੂੰ ਬੇਨਤੀ ਕਰੋ ਕਿ

*ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ॥*
*(ਅੰਗ 994)*

ਹਜ਼ੂਰ ਪਿਛਲੇ ਗੁਨਾਹ ਮਾਫ਼ ਕਰਕੇ ਸਾਨੂੰ ਅੱਗੇ ਤੋਂ ਸੋਝੀ ਬਖਸ਼ੋ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਅਸੀਂ ਅਨਾਥ ਵੀ ਹਾਂ, ਸਾਡੇ ਸਿਰ ਉੱਪਰ ਕਿਸੇ ਦਾ ਹੱਥ ਨਹੀਂ ਹੈ। ਕਿਸੇ ਦੇ ਰਿਸ਼ਤੇਦਾਰ, ਭੈਣ, ਭਰਾ ਤਕੜੇ ਹੋਣਗੇ, ਕਿਸੇ ਦੇ ਅਫ਼ਸਰ ਵਜ਼ੀਰ ਹੋਣਗੇ। ਪਰ ਮੈਂ ਅਨਾਥ ਹਾਂ ਮੇਰੀ ਇੱਕ ਬੇਨਤੀ ਸੁਣੋ ਕਿ ਜੋ ਵੀ ਸੰਤਾਂ ਦੀ ਸੰਗਤ ਵਿੱਚ ਆਉਂਦਾ ਹੈ ਉਹ ਬਖਸ਼ਿਆ ਜਾਂਦਾ ਹੈ। ਹਜ਼ੂਰ ਮੇਰੇ ਉੱਪਰ ਵੀ ਕਿਰਪਾ ਕਰਕੇ ਮੈਨੂੰ ਬਖਸ਼ ਦਿਉ।

**ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ**

**ਨਾਨਕ ਲੇਹੁ ਨਿਬਾਹੀ॥੪॥੧॥**

ਸੱਚੇ ਪਾਤਿਸ਼ਾਹੋ! ਮੈਂ ਇਸ ਭਵਸਾਗਰ ਵਿੱਚ ਡੁੱਬਦਾ ਜਾ ਰਿਹਾ ਹਾਂ। ਮੈਨੂੰ ਇਸ ਭਵਸਾਗਰ ਤੋਂ ਪਾਰ ਕਰੋ। ਮੈਨੂੰ ਬਖਸ਼ ਦਿਉ। ਇਸ ਤਰ੍ਹਾਂ ਦੀਆਂ ਬੇਨਤੀਆਂ ਜੋਦੜੀਆਂ ਜੀਵ ਨੂੰ ਕਰਦੇ ਰਹਿਣਾ ਚਾਹੀਦਾ ਹੈ।

ਸੋਈ ਐਸ. ਜੀ. ਐੱਲ ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਮਿਲ ਕੇ ਜਿਸ

ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਅਖੰਡ ਪਾਠ ਕਰਵਾ ਕੇ ਸਤਿਸੰਗ ਕਰਵਾਇਆ ਹੈ। ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਨ। ਸਾਰੇ ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੁਸ਼ੀਆਂ ਖੇੜੇ ਬਖਸ਼ਦੇ ਹੋਇਆ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਫੇਰ ਸਾਰੀ ਸੰਗਤ ਨੂੰ ਅਤੇ ਸਾਰੇ ਸਿੱਖ ਜਗਤ ਨੂੰ ਖਾਲਸਾ ਜੀ ਦੇ 311 ਵੇਂ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ ਹੋਵੇ।

# ਸਤਿਸੰਗ

**ਮਾਰੂ ਮਹਲਾ ੫॥ (ਅੰਗ 1000)**

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ**

**ਕੀਰਤਨੁ ਹਰਿ ਹਰਿ ਗਾਈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਾਹਾਰ, ਸ਼ਹੀਦਾਂ ਦੇ ਸਿਰਤਾਜ, ਗੁਰਬਾਣੀ ਦਾ, ਕੀਰਤਨ, ਕਥਾ, ਯਸ਼ ਕਰ ਰਹੇ ਸੀ। ਤਦ ਕਿਸੇ ਨੇ ਪੁੱਛਿਆ ਕਿ ਸੱਚੇ ਪਾਤਿਸ਼ਾਹੋ! ਤੁਸੀਂ ਰੋਜ਼, ਕੀਰਤਨ, ਕਥਾ, ਯਸ਼ ਕਰਦੇ ਹੋ। ਇਸ ਤੋਂ ਮੁਰਾਦ ਕੀ ਹੈ? ਹਜ਼ੂਰ ਨੇ ਉੱਤਰ ਦਿੱਤਾ ਇਹ ਅਸੀਂ ਨਹੀਂ ਕਰ ਰਹੇ, ਸਾਡੇ ਕਰਮ ਖੁਲ੍ਹੇ ਹਨ। ਜੀਵ ਦੇ ਅੱਛੇ ਭਾਗ ਹੋਣਗੇ ਤਦ ਹੀ ਉਹ ਗੁਰਬਾਣੀ ਦਾ ਯਸ਼ ਅਤੇ ਕੀਰਤਨ ਕਰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਸ ਠਾਕੁਰ ਦੀ ਕਿਰਪਾ ਹੋਵੇ ਸਾਡੇ ਭਾਗ ਖੁੱਲ੍ਹਣ ਤਦ ਹੀ ਜੀਵ ਉਸ ਮਾਲਿਕ ਦੀ ਕਥਾ, ਕੀਰਤਨ ਅਤੇ ਉਸਤਿਤ ਕਰ ਸਕਦਾ ਹੈ।

**ਸ੍ਰਮੁ ਥਾਕਾ ਪਾਏ ਬਿਸ੍ਰਾਮਾ**

**ਮਿਟਿ ਗਈ ਸਗਲੀ ਧਾਈ॥੧॥**

ਫੇਰ ਉਸ ਜੀਵ ਕੀ ਭੱਜ, ਨੱਸ, ਦੌੜ ਖਤਮ ਹੋ ਜਾਂਦੀ ਹੈ ਜਦੋਂ ਉਸ ਨੂੰ ਉਸ ਦੀ ਮੰਜਿਲ ਮਿਲ ਜਾਂਦੀ ਹੈ। ਜਿਸ ਕੰਮ ਲਈ ਉਹ ਭੱਜਾ ਫਿਰਦਾ ਹੈ, ਕੋਸ਼ਿਸ਼ ਕਰਦਾ ਹੈ, ਅਗਰ ਜੀਵ ਦਾ ਉਹ ਕੰਮ ਹੋ ਜਾਵੇ ਤਦ ਉਸ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਕਈ ਵਾਰ ਜੀਵ ਸੈਂਕੜੇ ਮੀਲ ਦੂਰ ਜਾਂਦਾ ਹੈ। ਉੱਥੇ ਜਾ ਕੇ ਵੀ ਭੱਜ, ਨੱਸ ਕਰਦਾ ਹੈ। ਪਰ ਜੇਕਰ ਉਸ ਦਾ ਕੰਮ ਹੋ ਜਾਵੇ ਤਦ ਉਸ ਦੀ ਸਾਰੀ ਥਕਾਵਟ ਖਤਮ ਹੋ ਜਾਂਦੀ ਹੈ। ਅਗਰ ਉਹ ਜੀਵ ਦਸ ਮੀਲ ਤੱਕ ਜਾਵੇ, ਚਾਹੇ ਕਾਰ ਤੇ ਹੀ ਜਾਵੇ ਅਤੇ ਜਾ ਕੇ ਉਸ ਦਾ ਕੰਮ ਨਾ ਹੋਵੇ ਜਾਂ ਅਫ਼ਸਰ ਨਹੀਂ ਬੈਠਦਾ ਜਾਂ ਜਿਸ ਸਾਧੂ ਨੂੰ ਮਿਲਣ ਜਾਂਦੇ ਹੋ ਉਹ ਮਿਲਦਾ ਨਹੀਂ ਹੈ, ਤਦ ਉਸ ਜੀਵ ਦਾ ਸਰੀਰ ਗੱਡੇ ਜਿੰਨਾ ਭਾਰਾ ਹੋ ਜਾਂਦਾ ਹੈ। ਉਸ ਲਈ ਕਦਮ ਪੁੱਟਣਾ ਔਖਾ ਹੋ ਜਾਂਦਾ ਹੈ। ਸੋਈ ਜਦੋਂ ਜੀਵ ਦੇ ਕਾਰਜ ਪੂਰੇ ਹੋ ਜਾਂਦੇ ਹਨ ਫੇਰ ਉਸ ਦੀ ਭੱਜ ਨੱਸ ਦਾ ਥਕੇਂਵਾ ਨਹੀਂ ਰਹਿੰਦਾ। ਜੀਵ ਨੂੰ ਇੱਕ ਮਾਨਸਿਕ ਤੋਰ ਤੇ ਥਕਾਵਟ ਆਉਂਦੀ ਹੈ ਇੱਕ ਸਰੀਰਕ ਥਕਾਵਟ ਆਉਂਦੀ ਹੈ। ਅਗਰ ਜੀਵ ਸਰੀਰਕ ਤੋਰ ਤੇ ਥੱਕਿਆ ਹੈ ਉਸ ਨੂੰ ਜਿਆਦਾ ਤਕਲੀਫ਼ ਨਹੀਂ ਹੁੰਦੀ। ਉਹ ਬੈਠ ਕੇ ਜਾਂ ਲੇਟ ਕੇ ਆਪਣੀ ਥਕਾਵਟ ਦੂਰ ਕਰ ਸਕਦਾ ਹੈ। ਪਰ ਜੇ ਜੀਵ ਮਾਨਸਿਕ ਤੋਰ ਤੇ ਥੱਕਿਆ ਹੈ ਤਾਂ ਉਸਨੂੰ ਨੀਂਦ ਵੀ ਨਹੀਂ ਆਉਂਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰੂ ਨੇ ਮੇਰੇ ਉੱਪਰ ਕਿਰਪਾ ਕਰਕੇ ਮੇਰੇ ਸਾਰੇ ਕਾਰਜ ਸਫ਼ਲ ਕੀਤੇ, ਠੀਕ ਕੀਤੇ ਹਨ। ਇਸ ਕਰਕੇ ਮੈਨੂੰ ਹੁਣ ਕੋਈ ਥਕੇਵਾਂ ਨਹੀਂ ਹੈ। ਪਿਛਲੇ ਲੋਕ ਸਾਡੇ, ਵੱਡੇ-ਵਡੇਰੇ ਖੇਤੀ ਕਰਦੇ ਹੁੰਦੇ ਸੀ। ਪਰ ਉਹਨਾਂ ਨੂੰ ਕੋਈ ਮਾਨਸਿਕ ਰੋਗ ਨਹੀਂ ਹੁੰਦਾ ਸੀ। ਉਹ ਕਮਾਈ ਕਰਕੇ ਸੋਚਦੇ ਸੀ ਕਿ ਖਾਣ ਜੋਗਾ ਹੋ ਗਿਆ ਹੈ। ਇਨਾਂ ਹੀ ਬਹੁਤ ਹੈ। ਉਹ ਬਹੁਤੀ ਚਿੰਤਾ ਨਹੀਂ ਸੀ ਕਰਦੇ। ਅੱਜਕੱਲ ਐਨਾ ਧਨ ਦੋਲਤ ਹੋਣ ਦੇ ਬਾਵਜੂਦ ਵੀ ਕੋਈ ਜੀਵ ਸੰਤੁਸ਼ਟ ਨਹੀਂ ਹੈ, ਕੋਈ ਚੈਨ ਨਾਲ ਸੋਂਦਾ ਨਹੀਂ ਹੈ। ਇਸ ਕਰਕੇ

*ਚਾਹ ਗਈ ਚਿੰਤਾ ਮਿਟੀ ਮਨੂਆ ਬੇਪ੍ਰਵਾਹ।*

*ਜਿਨ ਕੋ ਕਛੂ ਨ ਚਾਹੀਏ ਸੋ ਸ਼ਾਹਾਂ ਕੇ ਸ਼ਾਹ।*

ਜਦੋਂ ਜੀਵ ਨੂੰ ਇੱਛਾ ਅਨੁਸਾਰ ਚੀਜ ਦੀ ਪ੍ਰਾਪਤੀ ਹੋ ਜਾਂਦੀ ਹੈ ਤਦ ਉਸ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਜੀਵ ਬੜੇ ਆਰਾਮ ਨਾਲ ਜ਼ਿੰਦਗੀ ਬਤੀਤ ਕਰਦਾ ਹੈ।

**ਅਬ ਮੋਹਿ ਜੀਵਨ ਪਦਵੀ ਪਾਈ॥**

ਹੁਣ ਪਤਾ ਲੱਗਾ ਹੈ ਕਿ ਜੀਵਨ ਇੱਕ ਅੱਛੀ ਚੀਜ ਵੀ ਹੈ। ਜਿਹਨਾਂ ਦੇ ਘਰਾਂ ਵਿੱਚ ਪਤੀ, ਪਤਨੀ, ਮਾਂ ਪਿਉ, ਭੈਣ, ਭਰਾ ਲੜਦੇ ਹਨ ਉਹ ਕਦੇ ਬਿਨਾਂ ਲੜਨ ਤੋਂ ਰਹਿ ਕੇ ਦੇਖੋ। ਤੁਹਾਨੂੰ ਸਾਰਾ ਦਿਨ ਇਹ ਵੀ ਨਹੀਂ ਪਤਾ ਲੱਗੇਗਾ ਕਿ ਤੁਹਾਨੂੰ ਕੋਈ ਕੰਮ ਹੈ ਜਾਂ ਨਹੀਂ। ਤਦ ਜੀਵ ਵਿਹਲਾ-ਵਿਹਲਾ ਮਹਿਸੂਸ ਕਰੇਗਾ। ਸੋਈ ਇੱਕ ਵਾਰ ਆਰਾਮ ਦੀ ਜਿੰਦਗੀ ਜਿਉ ਕੇ ਦੇਖੀਏ ਫੇਰ ਸਾਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਸਾਨੂੰ ਕੋਈ ਸੰਸਾ ਜਾਂ ਤਕਲੀਫ ਨਹੀਂ ਰਹੇਗੀ।

*ਲਖ ਖੁਸੀਆ ਪਾਤਿਸਾਹੀਆ*

*ਜੇ ਸਤਿਗੁਰੁ ਨਦਰਿ ਕਰੇਇ॥ (ਅੰਗ 144)*

ਮਾਲਿਕ ਦੀ ਬਖਸ਼ਿਸ਼ ਸਦਕਾ ਉਸ ਘਰ ਵਿੱਚ ਫੇਰ ਸਾਰੀਆਂ ਖੁਸ਼ੀਆਂ ਅਤੇ ਖੇੜੇ ਪ੍ਰਾਪਤ ਹੁੰਦੇ ਹਨ।

**ਚੀਤਿ ਆਇਓ ਮਨਿ ਪੁਰਖੁ ਬਿਧਾਤਾ**

**ਸੰਤਨ ਕੀ ਸਰਣਾਈ॥੧॥ ਰਹਾਉ॥**

ਜਦੋਂ ਜੀਵ ਸਾਧੂਆਂ ਦੀ ਸੰਗਤ ਕਰਦਾ ਹੈ ਉਸ ਉੱਪਰ ਸਭ ਤੋਂ ਪਹਿਲੀ ਬਖਸ਼ਿਸ਼ ਇਹ ਹੁੰਦੀ ਹੈ ਕਿ ਸਾਧੂ ਉਸ ਨੂੰ ਕਹਿੰਦੇ ਹਨ ਕਿ ਤੂੰ ਮਾਲਿਕ ਨੂੰ ਚੇਤੇ ਕਰੀਂ ਫੇਰ ਤੇਰੇ ਕਾਰਜ ਠੀਕ ਹੋਣਗੇ। ਜਦੋਂ ਵੀ ਤੈਨੂੰ ਕੋਈ ਸੰਕਟ ਬਣੇ ਤੂੰ ਮਾਲਿਕ ਨੂੰ ਚੇਤੇ ਕਰਿਆ ਕਰੀਂ। ਕਿਉਂਕਿ

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*
*ਚੀਤਿ ਆਵਹਿ ਤਾਂ ਸੇਵਾ॥ (ਅੰਗ 383)*

ਜਦੋਂ ਅਸੀਂ ਮਾਲਿਕ ਨੂੰ ਚੇਤੇ ਕਰਦੇ ਹਾਂ ਉਦੋਂ ਸੇਵਾ ਬਣ ਜਾਂਦੀ ਹੈ ਅਤੇ ਕਾਰਜ ਸਫ਼ਲ ਹੋ ਜਾਂਦੇ ਹਨ।

**ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥**

ਮਾਲਿਕ ਜੀਵ ਦੇ ਕਾਮ ਕਰੋਧ, ਲੋਭ, ਮੋਹ ਖਤਮ ਕਰਕੇ ਉਸ ਦੇ ਪਿੱਛੇ ਲੱਗੀਆਂ ਹੋਈਆਂ ਉਪਾਧੀਆਂ ਨੂੰ ਖਤਮ ਕਰ ਦਿੰਦੇ ਹਨ।

**ਸਦ ਹਜੂਰਿ ਹਾਜਰੁ ਹੈ ਨਾਜਰੁ**
**ਕਤਹਿ ਨ ਭਇਓ ਦੂਰਾਈ॥੨॥**

ਮਾਲਿਕ ਚੌਵੀ ਘੰਟੇ ਹਾਜ਼ਰ ਹਜ਼ੂਰ ਹਨ, ਹਾਜਿਰ ਨਾਜਰ ਹਨ। ਉਹਨਾਂ ਨੂੰ ਕਦੇ ਵੀ ਆਪਣੇ ਤੋਂ ਦੂਰ ਨਾ ਸਮਝੋ। ਉਹ ਹਮੇਸ਼ਾ ਸਾਡੇ ਅੰਗ ਸੰਗ ਹੁੰਦੇ ਹਨ। ਜਦੋਂ ਐਸੀ ਭਾਵਨਾ ਆ ਜਾਂਦੀ ਹੈ ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਹਨ। ਪਰ ਫੇਰ ਕੋਈ ਗਲਤੀ ਨਾ ਕਰਿਉ।

**ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥**

ਜਦੋਂ ਸਾਧੂ ਸਹਾਇਤਾ ਕਰਦੇ ਹਨ ਜੀਵ ਦੀਆਂ ਸ਼ਰਧਾ ਪੂਰੀਆਂ ਹੋ ਜਾਂਦੀਆਂ ਹਨ। ਉਸ ਦੇ ਘਰ ਸੁਖ ਆ ਜਾਂਦਾ ਹੈ ਅਤੇ ਉਸ ਦਾ ਸੁਭਾਅ ਠੰਡਾ ਹੋ ਜਾਂਦਾ ਹੈ। ਦੇਖੋ ਜਦੋਂ ਤੁਹਾਡਾ ਕੋਈ ਕੰਮ ਪੂਰਾ ਹੋਵੇ ਜਾਂ ਜਿਥੇ ਤੁਸੀਂ ਜਾਂਦੇ ਹੋ ਉੱਥੇ ਅਫ਼ਸਰ ਨਾ ਮਿਲਣ। ਬੱਚੇ ਤੁਹਾਨੂੰ ਆਉਂਦਿਆਂ ਹੀ ਪੁੱਛਦੇ ਹਨ ਕਿ ਭਾਪਾ ਜੀ ਕੀ ਹਾਲ ਹੈ? ਤਦ ਤੁਸੀਂ ਬੱਚਿਆਂ ਨੂੰ ਖਿੱਝ ਕੇ ਕਹਿੰਦੇ ਹੋ ਕਿ ਚੁਪ ਕਰ ਜਾਉ, ਹਾਲ ਪੁੱਛ ਰਹੇ ਹੋ। ਪਰ ਜੇਕਰ ਕੰਮ ਹੋ ਜਾਵੇ ਫੇਰ ਲੱਡੂਆਂ ਦੇ ਡੱਬੇ ਚੁਕੀ ਫਿਰਦੇ ਹੋ। ਫੇਰ ਬੱਚੇ ਪੁੱਛਦੇ ਹਨ ਕਿ ਭਾਪਾ ਜੀ, ਕੀ ਗੱਲ ਹੈ। ਤੁਸੀਂ ਕਹਿੰਦੇ ਹੋ ਤੂੰ ਲੱਡੂ ਖਾ ਗੱਲ ਫੇਰ ਦਸਾਂਗਾ। ਸੋਈ ਜਦੋਂ ਕੰਮ ਪੂਰਾ ਹੋ ਜਾਂਦਾ ਹੈ ਜੀਵ ਖੁਸ਼ ਹੋ ਜਾਂਦਾ ਹੈ। ਪਰ ਜਦੋਂ ਕੰਮ ਨਹੀਂ ਬਣਦਾ ਬੱਚਿਆਂ ਨੂੰ ਵੀ ਵੱਢਣ ਪੈਂਦਾ ਹੈ, ਘਰਵਾਲੀ ਨਾਲ ਗੁੱਸੇ ਨਾਲ ਬੋਲੇਗਾ। ਵੇਦਾਂ ਸ਼ਾਸਤਰਾਂ ਵਿੱਚ ਵੀ ਦਰਜ ਹੈ ਕਿ

*ਜਾ ਪਰ ਕਿਰਪਾ ਰਾਮ ਕੀ ਹੋਈ।*
*ਤਾ ਪਰ ਕਿਰਪਾ ਕਰੇ ਸਭ ਕੋਈ॥*

ਕਿਸੇ ਜੀਵ ਜਾਂ ਅਫ਼ਸਰ ਨੇ ਤੁਹਾਡੇ ਕਾਰਜ ਉਦੋਂ ਠੀਕ ਕਰਨੇ ਹਨ ਜਦੋਂ ਤੁਹਾਡੇ ਉੱਪਰ ਮਾਲਿਕ ਦੀ ਕਿਰਪਾ ਹੋਵੇਗੀ। ਅਗਰ ਮਾਲਿਕ ਦੀ ਕਿਰਪਾ ਨਾ ਹੋਈ ਫੇਰ

*ਸਾਹਿਬ ਅੱਖਾਂ ਫੇਰੀਆਂ ਵੈਰੀ ਕੁਲ ਜਹਾਨ।*

ਜੇ ਸਾਹਿਬ ਨਰਾਜ ਹੋ ਗਏ ਤਾਂ ਫੇਰ ਸਾਰਿਆਂ ਨੇ ਨਰਾਜ ਹੋ ਜਾਣਾ ਹੈ। ਕਈ ਬੱਚੇ ਐਸੇ ਹੁੰਦੇ ਹਨ ਕਿ ਉਹਨਾਂ ਦੇ ਮਾਂ, ਪਿਉ ਆਪਣੇ ਭੈਣ, ਭਰਾਵਾਂ, ਰਿਸ਼ਤੇਦਾਰਾ ਨੂੰ ਜਾਂ ਬੱਚਿਆਂ ਦੇ ਮਾਮੇ, ਚਾਚੇ, ਤਾਏ, ਮਾਸੜ, ਫੁੱਫੜ ਨੂੰ ਕਦੇ ਮਿਲਦੇ ਨਹੀਂ ਹਨ। ਪਰ ਜਦੋਂ ਉਸ ਬੱਚੇ ਦਾ ਵਿਆਹ ਹੁੰਦਾ ਹੈ ਤਦ ਜਿਹੜੇ ਰਿਸ਼ਤੇਦਾਰ ਪਹਿਲਾਂ ਬੋਲਦੇ ਨਹੀਂ ਸਨ ਉਹ ਸਗੋਂ ਜਿਆਦਾ ਦੇਣ-ਲੈਣ ਕਰਕੇ ਉਸ ਦੇ ਮਾਂ-ਪਿਉ ਦੀ ਬਹੁਤੀ ਮਦਦ ਕਰਦੇ ਹਨ। ਕਿਉਂਕਿ ਮਾਲਿਕ ਦੀ ਕਿਰਪਾ ਨਾਲ ਮਿਲਾਪ ਕੀਤਾ ਹੁੰਦਾ ਹੈ ਅਤੇ ਉਹ ਸੋਚਦੇ ਹਨ ਕਿ ਚਲੋ ਜੀ ਆਪਾਂ ਤਾਂ ਲੜਦੇ ਰਹੇ ਹਾਂ ਪਰ ਇਹਨਾਂ ਬੱਚਿਆਂ ਦਾ ਕੀ ਕਸੂਰ ਹੈ। ਇਸੇ ਕਰਕੇ ਸੰਤਾਂ ਨੇ ਫੁਰਮਾਇਆ ਹੈ ਕਿ

*ਜਾ ਪਰ ਕਿਰਪਾ ਰਾਮ ਕੀ ਹੋਈ।*
*ਤਾ ਪਰ ਕਿਰਪਾ ਕਰੇ ਸਭ ਕੋਈ।*

*ਤਥਾ*

*ਰਾਮ ਕਿਰਪਾ ਤੇ ਨਾਸੇ ਸਭ ਰੋਗਾ।*
*ਜੋ ਯਿਹ ਭਾਗ ਬਨੇ ਸੰਯੋਗਾ।*

ਜੇ ਸੰਯੋਗ ਬਣਨ, ਭਾਗ ਅੱਛੇ ਹੋਣ ਤਦ ਹੀ ਸਾਰੇ ਕਾਰਜ ਸਫਲ ਹੁੰਦੇ ਹਨ।

**ਪਾਵਨ ਪਤਿਤ ਕੀਏ ਖਿਨ ਭੀਤਰਿ**
**ਮਹਿਮਾ ਕਥਨੁ ਨ ਜਾਈ॥੩॥**

ਅਗਰ ਕੋਈ ਜੀਵ ਕਹਿੰਦਾ ਹੈ ਕਿ ਮੈਂ ਬਹੁਤ ਅਮੀਰ, ਪਾਕ ਅਤੇ ਨੇਕ ਹਾਂ ਤਦ ਇੱਕ ਸਕਿੰਟ ਨਹੀਂ ਲੱਗਦਾ ਕਿ ਉਸ ਕੋਲੋਂ ਅੱਵਗਿਆ ਜਾਂ ਭੁੱਲ ਹੋ ਕੇ ਉਹ ਪਤਿਤ ਹੋ ਜਾਂਦਾ ਹੈ। ਉਹ ਮਾਲਿਕ ਕਿਸੇ ਨੂੰ ਪਤਿਤ ਤੋਂ ਪਾਵਨ ਬਣਾ ਦਿੰਦੇ ਹਨ ਅਤੇ ਕਿਸੇ ਨੂੰ ਪਾਵਨ ਤੋਂ ਪਤਿਤ ਬਣਾ ਦਿੰਦੇ ਹਨ। ਇਸ ਕਰਕੇ ਜੇ ਕੋਈ ਜੀਵ ਬਿਲਕੁੱਲ ਠੀਕ ਰਸਤੇ ਤੇ ਚੱਲ ਰਿਹਾ ਹੈ ਤਾਂ ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ ਮੈਨੂੰ ਇਸੇ ਤਰ੍ਹਾਂ ਸੁਮੱਤ ਬਖਸ਼ਦੇ ਰਹਿਣਾ। ਮੇਰੇ ਕੋਲੋਂ ਕੋਈ ਭੁੱਲ ਨਾ ਹੋਵੇ।

**ਨਿਰਭਉ ਭਏ ਸਗਲ ਹੈ ਖੋਏ ਗੋਬਿੰਦ ਚਰਣ ਓਟਾਈ॥**

ਜਦੋਂ ਅਸੀਂ ਗੋਬਿੰਦ ਤਾਕਤ ਦੇ ਚਰਨਾਂ ਵਿੱਚ ਜਾਵਾਂਗੇ ਸਾਡੇ ਸਾਰੇ ਭੈਅ ਜਾਂਦੇ ਰਹਿਣਗੇ। ਅਤੇ ਮਾਲਿਕ ਦਾ ਭੈਅ ਆਵੇਗਾ।

**ਨਾਨਕੁ ਜਸੁ ਗਾਵੈ ਠਾਕੁਰ ਕਾ**
**ਰੈਣਿ ਦਿਨਸੁ ਲਿਵ ਲਾਈ॥੪॥**

ਜਦੋਂ ਜੀਵ ਦੇ ਕੰਮ ਠੀਕ ਹੋ ਜਾਂਦੇ ਹਨ ਫੇਰ ਉਹ ਰਾਤ ਦਿਨ ਮਾਲਿਕ ਦੇ ਗੁਣ ਗਾਉਂਦਾ ਹੈ। ਇਸ ਵਿੱਚ ਬਹੁਤ ਸਾਰੀਆਂ ਆਪਸੀ ਤਾਲਮੇਲ ਦੀਆਂ ਗੱਲਾਂ ਹਨ। ਅਗਰ ਜੀਵ ਦਾ ਕੰਮ

ਠੀਕ ਨਾ ਹੋਵੇ ਤਦ ਉਹ ਖਿਝਿਆ ਰਹਿੰਦਾ ਹੈ ਅਤੇ ਉਸ ਕੋਲੋਂ ਬੰਦਗੀ ਵੀ ਨਹੀਂ ਹੁੰਦੀ। ਕਿਉਂਕਿ ਅਸੀਂ ਦੇਖਿਆ ਹੈ ਕਿ ਭਰਦੀ ਚੀਜ ਬਹੁਤੀ ਭਰਦੀ ਹੈ। ਜਿਸ ਉੱਪਰ ਪਹਿਲਾਂ ਬਖਸ਼ਿਸ਼ ਹੋਵੇ ਉਸ ਉੱਪਰ ਹੋਰ ਬਖਸ਼ਿਸ਼ ਹੋ ਜਾਂਦੀ ਹੈ। ਜੋ ਜੀਵ ਪਹਿਲਾਂ ਖਿਝ ਰਿਹਾ ਹੁੰਦਾ ਹੈ ਉਸ ਉੱਪਰ ਹੋਈ ਬਖਸ਼ਿਸ਼ ਵੀ ਖਤਮ ਹੋ ਜਾਂਦੀ ਹੈ। ਇਸ ਕਰਕੇ ਨਿਮਰਤਾ ਵਿੱਚ ਆ ਕੇ, ਸ਼ਾਂਤ ਹੋ ਕੇ ਮਾਲਿਕ ਅੱਗੇ ਬੇਨਤੀ ਕਰੋ ਕਿ ਹਜ਼ੂਰ ਮੇਰੇ ਅੰਦਰੋਂ ਔਗੁਣ ਕੱਢੋ, ਕਾਮ, ਕਰੋਧ, ਲੋਭ, ਮੋਹ, ਹੰਕਾਰ ਕੱਢੋ। ਮੇਰੇ ਉੱਪਰ ਆਪਣੀ ਬਖਸ਼ਿਸ਼ ਕਰੋ। ਜਿਸ ਉੱਪਰ ਹਜ਼ੂਰ ਦੀ ਬਖਸ਼ਿਸ਼ ਹੁੰਦੀ ਹੈ ਉਸ ਨੂੰ ਹਜ਼ੂਰ ਸਾਰੀਆਂ ਖੁਸ਼ੀਆਂ ਅਤੇ ਦਾਤਾਂ ਬਖਸ਼ਦੇ ਹੁੰਦੇ ਹਨ।

# ਸਤਿਸੰਗ

**ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ।**

**(ਅੰਗ 654)**

**ੴ ਸਤਿਗੁਰ ਪ੍ਰਸਾਦਿ॥**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਪੂਰਨ ਸੰਤ ਸਤਿਗੁਰੂ ਭੇਦ ਬਖਸ਼ ਰਹੇ ਹਨ। ਕਿਉਂਕਿ ਹੁਣ ਹੀ ਜੈਨੀ ਬੋਧੀ ਸਿੱਖ ਮੱਤ ਜਾਂ ਦੂਸਰੇ ਮੱਤਾਂ ਵਾਲੇ ਹੋਏ ਹਨ ਪਹਿਲਾਂ ਹਿੰਦੂ ਅਤੇ ਮੁਸਲਮਾਨ ਦੋ ਹੀ ਕੌਮਾਂ ਹੁੰਦੀਆਂ ਸਨ। ਫੇਰ ਮੁਸਲਮਾਨਾਂ ਵਿੱਚੋਂ ਹੀ ਕ੍ਰਿਸਚੀਅਨ ਮੱਤ ਨਿਕਲਿਆ। ਹਿੰਦੂਆਂ ਵਿਚੋਂ ਸਿੱਖ, ਜੈਨੀ ਅਤੇ ਬੋਧੀ ਬਣੇ। ਪਰ ਵਾਸਤਵ ਵਿੱਚ ਜੋ ਪਿਛੋਕੜ ਹੈ ਉਹ ਹਿੰਦੂ ਮੁਸਲਮਾਨ ਅਤੇ ਤੁਰਕਾਂ ਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਹਿੰਦੂ ਸ਼ੁਰੂ ਤੋਂ ਹੀ ਬੁੱਤ ਪੂਜਦੇ ਆਏ ਹਨ, ਮੁਸਲਮਾਨ ਸ਼ਰ੍ਹਾਂ ਵਿੱਚ ਆਪਣੀ ਅਕੀਦਤ ਰੱਖਦੇ ਹਨ ਕਿ ਨਮਾਜ ਪੜ੍ਹਨੀ ਹੈ, ਉਜ਼ੂ ਸਾਜਨਾ ਹੈ, ਸੁੰਨਤ ਕਰਨੀ ਹੈ। ਉਹਨਾਂ ਦੀ ਜੋ ਸ਼ਰ੍ਹਾ ਹੈ ਉਸ ਉੱਪਰ ਬਹੁਤ ਜ਼ੋਰ ਦਿੰਦੇ ਹਨ। ਹਿੰਦੂ ਮੱਤ ਵਿੱਚ ਜੋ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ ਨਹੀਂ ਕਰਦਾ ਉਸਨੂੰ ਹਿੰਦੂ ਮੱਤ ਵਿੱਚ ਸਵੀਕਾਰ ਨਹੀਂ ਕਰਦੇ। ਅਤੇ ਜੋ ਮੁਸਲਮਾਨ ਸ਼ਰਾਅ ਵਿੱਚ ਨਹੀਂ ਰਹਿੰਦੇ ਉਸ ਨਾਲ ਇਸੱਲਾਮ ਮੱਤ ਵਾਲੇ ਬਾਈਕਾਟ ਕਰਨ ਤੱਕ ਜਾਂਦੇ ਹਨ। ਇਹਨਾਂ ਦੋਹਾਂ ਵਿੱਚ ਪਹਿਲਾਂ ਫਰਕ ਇਹ ਹੈ। ਜੋ ਦੂਸਰਾ ਫਰਕ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਓਇ ਲੇ ਜਾਰੇ ਓਇ ਲੇ ਗਾਡੇ**

**ਤੇਰੀ ਗਤਿ ਦੁਹੂ ਨ ਪਾਈ॥੧॥**

ਹਿੰਦੂਆਂ ਵਿੱਚ ਜਦੋਂ ਕਿਸੇ ਜੀਵ ਦੀ ਮੌਤ ਹੋ ਜਾਂਦੀ ਹੈ ਉਹ ਮ੍ਰਿਤਕ ਦੇਹ ਦਾ ਅਗਨੀ ਦੁਆਰਾ ਅੰਤਮ ਸੰਸਕਾਰ ਕਰਦੇ ਹਨ। ਅਤੇ ਮੁਸਲਮਾਨ ਖਾਕ ਬੁਰਦ ਕਰਦੇ ਹਨ, ਭਾਵ ਕਬਰ ਪੁੱਟ ਕੇ ਜਿਸ ਕੋਲ ਜਿਆਦਾ ਪੈਸਾ ਹੋਵੇ ਉਹ ਵਧੀਆ ਲੱਕੜ ਦਾ ਤਾਬੂਤ ਬਣਾ ਲੈਂਦਾ ਹੈ। ਜਿਸ ਕੋਲ ਪੈਸਾ ਨਹੀਂ ਹੁੰਦਾ ਉਹ ਉਂਝ ਹੀ ਕੱਪੜੇ ਵਿੱਚ ਲਪੇਟ ਕੇ ਦਫਨਾਅ ਦਿੰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਹਿੰਦੂ ਮੱਤ ਵਾਲੇ ਕਹਿੰਦੇ ਹਨ ਦਾਹ ਸੰਸਕਾਰ ਕਰਨਾ ਠੀਕ ਹੈ। ਮੁਸਲਮਾਨ ਕਹਿੰਦੇ ਹਨ ਦਫਨਾਉਣਾ ਠੀਕ ਹੈ। ਪਰ ਦੋਹਾਂ ਨੂੰ ਹੀ ਪਤਾ ਨਹੀਂ ਹੈ ਕਿ ਦੋਹਾਂ ਵਿੱਚੋਂ ਕਿਹੜੀ ਗੱਲ ਠੀਕ ਹੈ ਅਤੇ ਕਿਹੜੀ ਗਲਤ ਹੈ। ਹੁਣ ਵਿਦੇਸ਼ ਜਾਈਦਾ ਹੈ। ਉੱਥੇ ਅਗਰ ਬੀਬੀ ਜਾਂ ਪੁਰਸ਼ ਪੂਰਾ ਹੁੰਦਾ ਹੈ ਤਾਂ ਇਸਤਰੀ ਨੂੰ ਬਹੁਤ ਸੋਹਣੇ ਤਰੀਕੇ ਨਾਲ ਬਿੰਦੀ, ਲਿਪਸਟਿਕ ਲਾ ਕੇ, ਸੋਹਣੇ ਕੱਪੜੇ ਪਾ ਕੇ ਇੰਝ ਸਜਾਉਂਦੇ ਹਨ ਜਿਸ ਤਰ੍ਹਾਂ ਦੁਲਹਨ ਸਜਾਈ ਜਾਂਦੀ ਹੈ ਚਾਹੇ ਉਹ ਕਿਸੇ ਵੀ ਉਮਰ ਦੀ ਹੋਵੇ। ਫੇਰ ਉਸ ਨੂੰ ਤਾਬੂਤ ਵਿੱਚ ਰੱਖ ਕੇ ਬਿਜਲੀ ਦੇ ਅੰਗੀਠੇ ਉੱਤੇ ਰੱਖ ਦਿੰਦੇ ਹਨ। ਜਿਸ ਤਰ੍ਹਾਂ ਡਾਕਖਾਨੇ ਵਿੱਚ ਚਿੱਠੀ ਪਾਈਦੀ ਹੈ ਉਸ ਤਰ੍ਹਾਂ ਉੱਤੇ ਫਲੈਪ ਲੱਗਾ ਹੁੰਦਾ ਹੈ। ਬਿਜਲੀ ਦਾ ਬਟਣ ਦਬਾਉਂਦਿਆਂ ਸਾਰ ਉਹ ਤਾਬੂਤ ਹੇਠਾਂ ਬੈਠ ਜਾਂਦਾ ਹੈ ਅਤੇ ਬਿਜਲੀ ਦਾ ਅਗੀਠਾ ਚਾਲੂ ਹੋ ਜਾਂਦਾ ਹੈ ਅਤੇ ਜੀਵ ਦੀ ਮ੍ਰਿਤਕ ਦੇਹ ਭਸਮ ਹੋ ਜਾਂਦੀ ਹੈ। ਥੋੜੀ ਦੇਰ ਬਾਅਦ ਉਸ ਭਸਮ ਸਮੇਤ ਹੀ ਜੀਵ ਦੀਆਂ ਅਸਥੀਆਂ ਦੇ ਦਿੰਦੇ ਹਨ। ਹਜ਼ੂਰ ਕਬੀਰ ਸਾਹਿਬ ਜੀ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਸਾਰੇ ਇਹਨਾਂ ਰੀਤੀਆਂ ਵਿੱਚ ਫਸੇ ਬੈਠੇ ਹਾਂ। ਪਰ ਮਾਲਿਕ ਜੋ ਕਹਿੰਦੇ ਹਨ ਕਿ ਸਿਮਰਨ ਕਰੋ, ਬੰਦਗੀ ਕਰੋ ਉਹ ਆਪਾਂ ਕਰਦੇ ਨਹੀਂ ਹਾਂ। ਬਲਕਿ ਇਹਨਾਂ ਰੀਤਾਂ ਵਿੱਚੋਂ ਬਾਹਰ ਨਹੀਂ ਨਿਕਲਦੇ।

**ਮਨ ਰੇ ਸੰਸਾਰੁ ਅੰਧ ਗਹੇਰਾ॥**

ਇਹ ਸੰਸਾਰ ਅੰਨਾ ਖੂਹ ਹੈ। ਸਾਡੀ ਰੀਤ ਜੋਂ ਪਹਿਲਾਂ ਤੋਂ ਚਲੀ ਆ ਰਹੀ ਹੈ ਅਸੀਂ ਉਸ ਨੂੰ ਉਸੇ ਤਰ੍ਹਾਂ ਮੰਨੀ ਜਾਂਦੇ ਹਾਂ। ਉਸ ਤਰ੍ਹਾਂ ਉਸ ਨੂੰ ਅਪਣਾਉਂਦੇ ਹਾਂ ਪਰ ਕਦੇ ਵੀ ਉਸ ਉੱਪਰ ਵਿਚਾਰ ਨਹੀਂ ਕਰਦੇ। ਜਦੋਂ ਤੁਸੀਂ ਕਿਤੇ ਦਿੱਲੀ ਜਾਵੋ ਤਾਂ ਪੀਤਮਪੁਰੇ ਲਾਗੇ ਵਜ਼ੀਰਪੁਰ ਡਿਪੋ ਦੇ ਸਾਹਮਣੇ ਪਾਰਸੀ ਮੱਤ ਵਾਲਿਆਂ ਨੇ ਬਹੁਤ ਉੱਚਾ ਚਬੂਤਰਾ ਬਣਾਇਆ ਹੋਇਆ ਹੈ। ਬਹੁਤ ਵੱਡਾ ਹਾਲ ਬਣਾ ਕੇ ਉਸ ਉੱਪਰ ਚਾਰ ਦੀਵਾਰੀ ਕੀਤੀ ਹੋਈ ਹੈ। ਜਦੋਂ ਕੋਈ ਪਾਰਸੀ ਦੇਹ ਤਿਆਗਦਾ ਹੈ ਉਹ ਉਸ ਇਨਸਾਨ ਦੇ ਸਰੀਰ ਨੂੰ ਬੜੇ ਸੋਹਣੇ ਮਸਾਲੇ ਲਾ ਕੇ ਉਸ ਚਬੂਤਰੇ ਉੱਪਰ ਰੱਖ ਦਿੰਦੇ ਹਨ। ਚਿੜੀਆਂ ਕਾਂ ਅਤੇ ਇੱਲਾਂ ਉਸ ਜੀਵ ਦੇ ਸਰੀਰ ਨੂੰ ਨੋਚ ਨੋਚ ਕੇ ਖਾਂਦੇ ਹਨ। ਉਹ ਕਹਿੰਦੇ ਹਨ ਕਿ

ਸਾਡਾ ਸਰੀਰ ਕਿਤੇ ਪੰਛੀਆਂ ਦੇ ਕੰਮ ਹੀ ਆ ਜਾਵੇ। ਕਈ ਸਾਧੂਆਂ ਦੀ ਪ੍ਰੰਪਰਾ ਐਸੀ ਹੈ ਜੋ ਕਹਿੰਦੇ ਹਨ ਕਿ ਸਾਡੇ ਮ੍ਰਿਤਕ ਸਰੀਰ ਨੂੰ ਪੱਥਰ ਨਾਲ ਬੰਨ ਕੇ ਦਰਿਆ ਵਿੱਚ ਰੋੜ ਦਿਉ ਤਾਂ ਕਿ ਸਾਡਾ ਸਰੀਰ ਮਛਲੀਆਂ ਜਾਂ ਹੋਰ ਜਲ ਵਿੱਚ ਰਹਿਣ ਵਾਲੇ ਜੀਵਾਂ ਦੀ ਖੁਰਾਕ ਬਣ ਸਕੇ। ਸੋਈ ਲੋਕ ਵੱਖਰੀ ਵੱਖਰੀ ਧਾਰਨਾ ਲੈ ਕੇ ਤੁਰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐ ਮਨਾ! ਇਹ ਦੁਨੀਆਂ ਅੰਧਕਾਰ ਵਿੱਚ ਤੁਰੀ ਫਿਰਦੀ ਹੈ। ਵਾਸਤਵ ਵਿੱਚ ਉਹ ਆਤਮਾ ਨਿਕਲ ਕੇ ਕਿੱਥੇ ਗਈ ਇਸ ਬਾਰੇ ਕਿਸੇ ਨੂੰ ਪਤਾ ਨਹੀਂ ਹੁੰਦਾ। ਲੇਕਿਨ ਆਪਾਂ ਇਸ ਸਰੀਰ ਨਾਲ ਬਝੇ ਹੋਏ ਬਹੁਤ ਕੰਮ ਕਰਦੇ ਹਾਂ।

**ਚਹੁ ਦਿਸ ਪਸਰਿਓ ਹੈ ਜਮ ਜੇਵਰਾ॥੧॥ ਰਹਾਉ॥**

ਜੀਵ ਜਿਹੜੀ ਮਰਜ਼ੀ ਰੀਤ ਅਪਨਾਏ ਪਰ ਉਹ ਕਾਲ ਜਾਂ ਜਮ ਕਿਸੇ ਨੂੰ ਬਖਸ਼ਦਾ ਨਹੀਂ ਹੈ। ਅਸੀਂ ਇੱਕ ਦਿਨ ਖਾਣਾ ਖਾਣ ਲੱਗਿਆਂ ਟੀ.ਵੀ ਲਗਾਇਆ ਤਾਂ ਉਸ ਉੱਪਰ ਗੁਰਦਾਸ ਮਾਨ ਦਾ ਗਾਣਾ ਆ ਰਿਹਾ ਸੀ ਕਿ

*ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਿਸ਼ਾਂ ਕਰੀਏ।*
*ਇਸ ਤਨ ਨੇ ਮੁੱਕ ਜਾਣਾ ਚਾਹੇ ਰੋਜ਼ ਪਾਲਿਸ਼ਾਂ ਕਰੀਏ।*

ਚਾਹੇ ਜਿੰਨੀ ਮਰਜ਼ੀ ਮਾਲਿਸ਼ ਕਰ ਲਉ ਪਰ ਸਮਾਂ ਆਉਣ ਤੇ ਉਸ ਕਾਲ ਨੇ ਕੋਈ ਪੇਸ਼ ਨਹੀਂ ਜਾਣ ਦੇਣੀ। ਇਸ ਕਰਕੇ ਇਮਾਨਦਾਰੀ ਦੀ ਰੋਟੀ ਬਹੁਤ ਵਧੀਆ ਚੀਜ ਹੈ। ਕਿਉਂਕਿ ਅਖੀਰਲੇ ਸਮੇਂ ਤੇ ਹਿਸਾਬ ਦੇਣਾ ਪੈਣਾ ਹੈ। ਉਸ ਤਰ੍ਹਾਂ ਦੀ ਖਾਧੀ ਰੋਟੀ ਦਾ ਹਿਸਾਬ ਕਿਤਾਬ ਦੇਣਾ ਸੌਖਾ ਹੋ ਜਾਂਦਾ ਹੈ।

*ਧਰਮਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥*
*(ਅੰਗ 1106)*

*ਤਥਾ*

*ਪਾਪ ਕਰੇਦੜ ਸਰਪਰ ਮੁਠੇ॥*
*ਅਜਰਾਇਲਿ ਫੜੇ ਫੜਿ ਕੁਠੇ॥*
*ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥*
*(ਅੰਗ 1019-20)*

ਜਿਸ ਤਰ੍ਹਾਂ ਬਾਣੀਆ ਹਿਸਾਬ ਕਿਤਾਬ ਮੰਗਦਾ ਹੈ ਇਸ ਤਰ੍ਹਾਂ ਕਾਲ ਨੇ ਵੀ ਲੇਖਾ ਮੰਗਣਾ ਹੈ।

*ਫਰੀਦਾ ਚਾਰਿ ਗਵਾਇਆ ਹੰਢਿ ਕੈ*
*ਚਾਰਿ ਗਵਾਇਆ ਸੰਮਿ॥*
*ਲੇਖਾ ਰਬੁ ਮੰਗੇਸੀਆ*
*ਤੂ ਆਂਹੋ ਕੇਰ੍ਹੇ ਕੰਮਿ॥੩੮॥ (ਅੰਗ 1379)*

*ਤਥਾ*

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥*
*(ਅੰਗ 156)*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਚਾਹੇ ਜਿੰਨੇ ਮਰਜ਼ੀ ਉਪਾਅ ਕਰ ਲਉ, ਕਾਲ ਜੋ ਕਿ ਚਹੁੰਆਂ ਦਿਸ਼ਾਵਾਂ ਵਿੱਚ ਪਸਰਿਆ ਹੈ ਉਸ ਨੇ ਛੱਡਣਾ ਨਹੀਂ ਹੈ।

**ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਕਵਿਤਾ ਵਾਲੇ ਬਹੁਤ ਵਧੀਆ ਕਵਿਤਾ ਪੜਦੇ ਹਨ। ਲੋਕਾਂ ਨੂੰ ਬਹੁਤ ਸਿੱਖਿਆ ਦਿੰਦੇ ਹਨ। ਪਹਿਲਾਂ ਪਿੰਡਾ ਵਿੱਚ ਕੋਈ ਬਹੁਤੀ ਵੱਡੀ ਚੋਰੀ ਨਹੀਂ ਸੀ ਹੁੰਦੀ । ਉਦੋਂ ਕਿਸੇ ਦੇ ਪੱਠੇ ਵੱਢ ਲੈਣੇ, ਕਿਸੇ ਦੇ ਗੰਨੇ ਭੰਨ ਲੈਣੇ, ਕਿਸੇ ਦੀਆਂ ਮੂਲੀਆਂ ਪੁੱਟ ਲੈਣੀਆਂ ਜਾਂ ਕੋਈ ਹੋਰ ਸਬਜ਼ੀ ਤੋੜ ਲੈਣੀ। ਸੰਗ੍ਰਾਂਦ ਵਾਲੇ ਦਿਨ ਸਾਡੇ ਪਿੰਡ ਦੇ ਭਾਈ (ਗ੍ਰੰਥੀ) ਨੇ ਬੜਾ ਲੈਕਚਰ ਦਿੱਤਾ ਕਿ ਕਿਸੇ ਦੇ ਪੱਠੇ ਨਹੀਂ ਵੱਢਣੇ ਚਾਹੀਦੇ, ਕਿਸੇ ਦੇ ਗੰਨੇ ਨਹੀਂ ਭੰਨਣੇ ਚਾਹੀਦੇ, ਛੋਟੀਆਂ-ਛੋਟੀਆਂ ਚੋਰੀਆਂ ਤੋਂ ਵੱਡੀਆਂ ਚੋਰੀਆਂ ਦੀ ਆਦਤ ਪੈਂਦੀ ਹੈ। ਜਦੋਂ ਅਸੀਂ ਸ਼ਾਮ ਨੂੰ ਦੇਖਿਆ ਤਾਂ ਪਿੰਡ ਦੇ ਨਾਲ ਵਾਲੀ ਸਾਡੀ ਜਮੀਨ ਵਿੱਚ ਸਾਡਾ ਬਰਸਣ ਬੀਜਿਆ ਹੋਇਆ ਸੀ। ਭਾਈ ਜੀ ਬਰਸਣ ਵੱਢ ਰਹੇ ਸਨ। ਉਹ ਕਾਹਲੀ-ਕਾਹਲੀ ਨਾਲੇ ਪਿੱਛੇ ਦੇਖੀ ਜਾਣ ਨਾਲੇ ਬਰਸਣ ਵੱਢੀ ਜਾਣ। ਅਸੀਂ ਬੁੱਢੇ ਦੀ ਅਵਾਜ ਕੱਢ ਕੇ ਕਿਹਾ ਓ ਭਾਈ ਜੀ! ਤੁਸੀਂ ਤਾਂ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਕਹਿੰਦੇ ਸੀ ਕਿ ਕਿਸੇ ਦੇ ਪੱਠੇ ਨਹੀਂ ਵੱਢਣੇ। ਹੁਣ ਇਹ ਕੀ ਕਰ ਰਹੇਂ ਹੋ? ਉਹ ਕਹਿਣ ਲੱਗਾ ਚੁੱਪ ਕਰ ਓਇ ਬੁੱਢਿਆ! ਪਸ਼ੂਆਂ ਨੂੰ ਹੁਣ ਪੱਠੇ ਪਾਵਾਂ ਕਿ ਕਥਾ ਪਾਵਾਂ। ਅਸੀਂ ਕਿਹਾ ਹਈ ਸ਼ਾਬਾਸ਼ੇ ਭਾਈ ਜੀ! ਅਸੀਂ ਨੇੜੇ ਜਾ ਕੇ ਕਿਹਾ ਅਸੀਂ ਗੁਰਦੁਆਰੇ ਜਾ ਕੇ ਸਾਰਿਆਂ ਨੂੰ ਦੱਸਾਂਗੇ ਕਿ ਭਾਈ ਜੀ ਚੋਰੀ ਸਾਡੇ ਪੱਠੇ ਵੱਢ ਰਹੇ ਸਨ। ਉਹ ਕਹਿਣ ਲੱਗਾ ਚੁੱਪ ਕਰ ਜਾ। ਮੈਂ ਤੈਨੂੰ ਦੇਸੀ ਘਿਉ ਦੇ ਕੜਾਹ ਪ੍ਰਸ਼ਾਦ ਦਾ ਬੁੱਕ ਭਰ ਕੇ ਦੇ ਦਿਆ ਕਰਾਂਗਾ। ਸਾਡਾ ਕੰਮ ਬਣ ਗਿਆ। ਅਸੀ ਪੱਠਿਆਂ ਤੋਂ ਕੀ ਲੈਣਾ ਸੀ। ਜਦੋਂ ਨਾਲ ਦਿਆਂ ਨੇ ਦੇਖਿਆ ਕਿ ਭਾਈ ਸਾਨੂੰ ਥੋੜਾ-ਥੋੜਾ ਪ੍ਰਸ਼ਾਦ ਦਿੰਦਾ ਹੈ ਪਰ ਇਸ ਦਾ ਬੁੱਕ ਭਰ ਦਿੰਦਾ ਹੈ ਤਦ ਉਹਨਾਂ ਨੇ ਮੈਨੂੰ ਪੁੱਛਿਆ ਗੱਲ ਕੀ ਹੈ? ਅਸੀਂ ਕਿਹਾ ਸਾਨੂੰ ਗੱਲ ਦਾ ਪਤਾ ਹੈ ਪਰ ਅਸੀਂ ਦੱਸਣੀ ਨਹੀਂ ਹੈ। ਸੋਈ

*ਅਉਰੋਂ ਕੋ ਉਜਿਆਰ ਮਿਸਾਲਚੀ ਜਾਏਂ ਅੰਧੇਰੇ।*
*ਤਿਉਂ ਗਿਆਨੀ ਕੇ ਗਿਆਨ ਮੇਂ ਸਦਾ ਹੀ ਰਹਤੇ ਘੇਰੇ।*
*ਮੁਲਾਂ ਔਰ ਮਿਸਾਚਲੀ ਦੋਨੋਂ ਏਕ ਸਮਾਨ।*
*ਅਉਰੋਂ ਕੋ ਚਾਨਣ ਕਰੇਂ ਖੁਦ ਅੰਧੇਰੇ ਜਾਨ।*

ਜਦੋਂ ਕੋਈ ਸਿਆਸੀ ਜੀਵ ਸਟੇਜ ਉੱਪਰ ਲੈਕਚਰ ਦੇ ਰਿਹਾ ਹੋਵੇ। ਇੰਝ ਲੱਗਦਾ ਹੈ ਕਿ ਇਸ ਤੋਂ ਵੱਡਾ ਧਰਮਾਤਮਾ ਕੋਈ ਨਹੀਂ ਹੈ ਚੰਗੇ ਐਡੇ ਚੰਗੇ ਬਚਨ ਤਾਂ ਸਾਧੂ ਵੀ ਨਹੀਂ ਕਰਦੇ ਜਿੰਨੇ ਇਹ ਕਰ ਰਿਹਾ ਹੈ। ਲੇਕਿਨ ਵਾਸਤਵਿਕ ਜੀਵਨ ਵਿੱਚ

ਉਹਨਾਂ ਦਾ ਕਿਰਦਾਰ ਵੱਖਰਾ ਹੁੰਦਾ ਹੈ। ਜੋ ਕਹਿੰਦੇ ਹਨ ਉਸ ਉੱਪਰ ਕੋਈ ਅਮਲ ਨਹੀਂ ਕਰਦਾ।

**ਜਟਾ ਧਾਰਿ ਧਾਰਿ ਜੋਗੀ ਮੂਏ**

**ਤੇਰੀ ਗਤਿ ਇਨਹਿ ਨ ਪਾਈ॥੨॥**

ਅਸੀਂ ਉਸ ਕਾਦਰ ਦੀ ਰਹਿਮਤ ਅਤੇ ਕੁਦਰਤ ਦੇ ਨਜਾਰਿਆਂ ਦੀ ਹਰ ਗੱਲ ਨੂੰ ਆਪਣੇ ਉੱਪਰ ਘਟਾਉਂਦੇ ਹਾਂ। ਅੱਜ ਅਸੀਂ ਜਦੋਂ ਸਵੇਰੇ ਉੱਠੇ, ਸਾਡਾ ਪਟਕਾ ਥੋੜਾ ਜਿਹਾ ਢਿੱਲਾ ਹੋਇਆ ਸੀ। ਜਦੋਂ ਅਸੀਂ ਪਟਕਾ ਠੀਕ ਕਰਨ ਲੱਗੇ ਤਦ ਸਾਡੇ ਸਿਰ ਵਿੱਚ ਥੋੜੀ ਜਿਹੀ ਖਾਰਸ਼ ਹੋਈ। ਜਦੋਂ ਅਸੀਂ ਖਾਰਸ਼ ਕਰਨ ਲੱਗੇ ਅਸੀਂ ਦੇਖਿਆ ਕਿ ਸਿਰ ਵਿੱਚ ਕੋਈ ਸਿਕਰੀ ਨਹੀਂ ਹੈ ਫੇਰ ਖਾਰਸ਼ ਕਾਹਦੀ ਹੋਈ ਹੈ। ਸਾਡੇ ਦਿਮਾਗ ਵਿੱਚ ਆਈ ਕਿ ਸਾਡੇ ਵੱਡੇ-ਵਡੇਰੇ ਦੱਸਦੇ ਹੁੰਦੇ ਸੀ ਕਿ ਜਦੋਂ ਬੀਬੀ ਬੱਚਾ ਜੰਮਦੀ ਹੈ ਅਤੇ ਜਦੋਂ ਬੱਚਾ ਹੂੰ-ਹੂੰ-ਹੂੰ ਕਰਦਾ ਹੈ ਉਦੋਂ ਬੀਬੀ ਦੇ ਸਿਰ ਵਿੱਚ ਖਾਰਸ਼ ਹੁੰਦੀ ਹੈ। ਤੁਸੀਂ ਵੀ ਦੇਖ ਲੈਣਾਂ ਜਦੋਂ ਤੁਹਾਡੇ ਨਵੇਂ ਜੰਮੇ ਬੱਚੇ ਹੋਣਗੇ। ਜਦੋਂ ਬੱਚਾ ਹੂੰ-ਹੂੰ ਕਰਦਾ ਹੈ, ਬੀਬੀ ਦੇ ਸਿਰ ਵਿੱਚ ਖਾਰਸ਼ ਹੁੰਦੀ ਹੈ। ਅਗਰ ਉਹ ਬੀਬੀ ਸਿਰ ਵਾਹੇ ਤਾਂ ਉਸ ਦੇ ਸਿਰ ਦੇ ਵਾਲ ਝੜ ਜਾਂਦੇ ਹਨ। ਇਸ ਤਰ੍ਹਾਂ ਜਦੋਂ ਕਿਸੇ ਹੋਰ ਜੀਵ ਦੇ ਸਿਰ ਵਿੱਚ ਵੀ ਥੋੜੀ ਜਿਹੀ ਖਾਰਿਸ਼ ਹੋਵੇ ਉਹ ਕੰਘੀ ਕਰਕੇ ਦੇਖ ਲਵੇ ਉਸ ਦੇ ਸਿਰ ਵਿਚੋਂ ਬਹੁਤ ਸਾਰੇ ਵਾਲ ਝੜਦੇ ਹਨ। ਜਦੋਂ ਸਰੀਰ ਕਿਸੇ ਚੀਜ ਨੂੰ ਛੱਡਦਾ ਹੈ ਉਦੋਂ ਵੀ ਉਸ ਨੂੰ ਮਹਿਸੂਸ ਹੁੰਦਾ ਹੈ। ਜਦੋਂ ਸਰੀਰ ਗ੍ਰਹਿਣ ਕਰਦਾ ਹੈ ਉਦੋਂ ਵੀ ਸਰੀਰ ਨੂੰ ਮਹਿਸੂਸ ਹੁੰਦਾ ਹੈ। ਤੁਸੀਂ ਦੇਖ ਲਇਉ ਜਦੋਂ ਜਖਮ ਭਰਦਾ ਹੈ ਉਦੋਂ ਵੀ ਖਾਰਸ਼ ਹੁੰਦੀ ਹੈ। ਚਾਹੇ ਕਿੰਨਾ ਵੀ ਵੱਡਾ ਜਖਮ ਹੋਇਆ ਹੋਵੇ ਜਿਸ ਦਿਨ ਤੁਹਾਡੇ ਜਖਮ ਉੱਪਰ ਖਾਰਸ਼ ਮਹਿਸੂਸ ਹੋ ਗਈ ਪਰ ਤੁਸੀਂ ਖਾਰਸ਼ ਨਾ ਕਰਿਉ ਉਸ ਦਿਨ ਸਮਝਿਉ ਤੁਹਾਡਾ ਜ਼ਖ਼ਮ ਠੀਕ ਹੋਣਾ, ਭਰਨਾ ਸ਼ੁਰੂ ਹੋ ਗਿਆ ਹੈ ਅਤੇ ਹੁਣ ਤੁਹਾਨੂੰ ਕੁਝ ਨਹੀਂ ਹੋ ਸਕਦਾ। ਹੁਣ ਇੱਕ ਜਗ੍ਹਾ ਖਾਰਸ਼ ਹੋਣ ਨਾਲ ਵਾਲ ਝੜਦੇ ਹਨ ਅਤੇ ਇੱਕ ਜਗ੍ਹਾ ਖਾਰਸ਼ ਹੋਣ ਨਾਲ ਜਖਮ ਭਰਦੇ ਹਨ। ਹਰ ਗੱਲ ਦਾ ਅਲੱਗ-ਅਲੱਗ ਭੇਦ ਹੈ। ਤੁਸੀਂ ਸੁੰਢ ਦੀ ਇੱਕੋ ਗੰਢੀ ਲੈ ਕੇ ਡਾਕਟਰ ਨਾ ਬਣਿਉ। ਪ੍ਰੰਤੂ ਕੁਦਰਤ ਨੇ ਸਰੀਰ ਨੂੰ ਚਲਾਉਣ ਲਈ ਸਾਈਨ ਦਿੱਤੇ ਹਨ। ਹੁਣ ਸਾਇੰਸ ਵੱਡੇ ਵੱਡੇ ਰਾਡਾਰ ਲਾ ਕੇ ਸਭ ਕੁਝ ਦੱਸ ਰਹੀ ਹੈ ਪਰ ਸਾਧੂ ਅੰਤਰਜਾਮਤਾ ਨਾਲ ਸਭ ਕੁਝ ਦੱਸ ਦਿੰਦੇ ਹਨ। ਉਹਨਾਂ ਦੇ ਅੰਦਰ ਕੁਦਰਤੀ ਤੋਰ ਤੇ ਹੀ ਰਾਡਾਰ ਲੱਗੇ ਹੋਏ ਹਨ।

*ਲੋਕ ਕਹੇਂ ਕਾਨਨ ਕੀ ਸਾਖੀ।*
*ਸੰਤ ਕਹੇਂ ਨੈਨਨ ਕੀ ਪੇਖੀ।*

ਲੋਕ ਸੁਣੀਆਂ ਸੁਣਾਈਆਂ ਗੱਲਾਂ ਕਰਦੇ ਹਨ। ਸਾਧੂ ਅੰਦਰ ਦ੍ਰਿਭਦ੍ਰਿਸ਼ਟੀ ਨਾਲ ਜੋ ਦੇਖਦੇ ਹਨ ਉਹ ਦੱਸਦੇ ਹਨ। ਇਸ ਕਰਕੇ ਸੰਤਾਂ ਦੇ ਦੱਸੇ ਅਤੇ ਸਾਡੇ ਦੱਸੇ ਵਿੱਚ ਬਹੁਤ ਅੰਤਰ ਹੁੰਦਾ ਹੈ।

**ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ॥**

ਕਈ ਪ੍ਰਾਣੀ, ਸੋਨਾ, ਚਾਂਦੀ, ਧਨ, ਦੋਲਤਾਂ ਇਕੱਠੀਆਂ ਕਰਕੇ ਖਜਾਨੇ ਭਰ ਲੈਂਦੇ ਹਨ। ਪਰ ਪਤਾ ਉਦੋਂ ਲੱਗਦਾ ਹੈ ਜਦੋਂ ਮੌਤ ਆ ਜਾਂਦੀ ਹੈ ਅਤੇ ਸਾਰੇ ਖਜ਼ਾਨੇ ਇਥੇ ਹੀ ਰਹਿ ਜਾਂਦੇ ਹਨ।

**ਬੇਦ-ਪੜੇ ਪੜਿ ਪੰਡਿਤ ਮੂਏ**

**ਰੂਪੁ ਦੇਖਿ ਦੇਖਿ ਨਾਰੀ॥੩॥**

ਵੱਡੇ-ਵੱਡੇ ਵੇਦ ਪੜ੍ਹ ਕੇ ਪੰਡਿਤ ਗਿਆਨੀ ਬਣੇ ਫਿਰਦੇ ਹਨ ਪਰ ਲੜਕੀਆਂ ਦਾ ਰੂਪ ਦੇਖ ਕੇ ਪੰਡਿਤ ਵੀ ਡੋਲ ਗਏ। ਰਿਸ਼ੀ ਮੁਨੀ ਡੋਲ ਗਏ। ਸ਼ਿਵ ਜੀ ਮਹਾਰਾਜ, ਧੂੰਦ ਰਿਸ਼ੀ ਸੂਰਜ ਦੇਵਤਾ ਡੋਲ ਗਿਆ। ਬ੍ਰਹਮਾ ਜੀ ਡੋਲ ਗਏ, ਇੰਦਰ ਭਗਵਾਨ ਜੀ ਡੋਲ ਗਏ। ਇਸ ਤਰ੍ਹਾਂ ਦੇਵੀ ਦੇਵਤੇ ਵੀ ਨਹੀਂ ਬੱਚ ਸਕੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਰੇ ਐਨੀਆਂ ਗੱਲਾਂ ਕਰਦੇ ਹਨ ਪਰ ਵਾਸਤਵ ਵਿੱਚ ਸਭ ਮਾਰ ਖਾ ਗਏ।

**ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥**

ਹਜ਼ੂਰ ਕਬੀਰ ਸਾਹਿਬ ਫ਼ੁਰਮਾਨ ਕਰ ਰਹੇ ਹਨ ਜੋ ਜੀਵ ਨਾਮ ਰਾਮ ਦਾ ਜਾਪ ਨਹੀਂ ਕਰਦੇ ਉਹ ਚਾਹੇ ਕਿੰਨੇ ਪੰਡਿਤ, ਪੁਜਾਰੀ ਜਾਂ ਦੇਵੀ ਦੇਵਤੇ ਹੋਣ ਉਹਨਾਂ ਦੇ ਪੱਲੇ ਕੁਝ ਨਹੀਂ ਹੁੰਦਾ ਕਿਉਂਕਿ ਰਾਮ ਨਾਮ ਤੋਂ ਬਗੈਰ ਜੀਵ ਕਿਸੇ ਚੀਜ ਦੀ ਪ੍ਰਾਪਤੀ ਨਹੀਂ ਕਰ ਸਕਦਾ।

**ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ**

**ਕਹਿ ਉਪਦੇਸੁ ਕਬੀਰਾ॥੪॥**

ਹਜ਼ੂਰ ਕਬੀਰ ਸਾਹਿਬ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਬੁਲੰਦ ਆਵਾਜ ਨਾਲ ਹੋਕਾ ਦੇ ਕੇ ਕਹਿੰਦੇ ਹਾਂ ਕਿ ਰਾਮ ਦੇ ਨਾਮ ਤੋਂ ਬਿਨਾਂ ਕੋਈ ਸਦਗਤੀ ਪ੍ਰਾਪਤ ਨਹੀਂ ਕਰ ਸਕਦਾ। ਕਿਉਂਕਿ

*ਸੋਧਤ ਸੋਧਤ ਸੋਧਿ ਬੀਚਾਰਾ॥*
*ਬਿਨੁ ਹਰਿ ਭਜਨ ਨਹੀਂ ਛੁਟਕਾਰਾ॥ (ਅੰਗ 260)*

ਸਿਮਰਨ ਤੋਂ ਬਿਨਾਂ ਜੀਵ ਦਾ ਛੁਟਕਾਰਾ ਨਹੀਂ ਹੋਣਾ। ਇਸ ਕਰਕੇ ਸਾਨੂੰ ਜਰੂਰ ਹੀ ਸਿਮਰਨ ਅਤੇ ਜਾਪ ਕਰਨਾ ਚਾਹੀਦਾ ਹੈ।

# ਸਤਿਸੰਗ

**ਰਾਗੁ ਗੋਂਡ ਬਾਣੀ ਸ੍ਰੀ ਕਬੀਰ ਜੀਉ ਕੀ॥**

**(ਅੰਗ 872)**

**ਜੈਸੇ ਮੰਦਰ ਮਹਿ ਬਲਹਰ ਨ ਠਾਹਰੈ॥**

**ਨਾਮ ਬਿਨੈ ਕੈਸੇ ਪਾਰਿ ਉਤਰੈ॥**

ਐੱਸ.ਜੀ.ਐੱਲ ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਬਿਹਾਰ, ਮੋਗਾ, ਭੋਗਪੁਰ ਦੇ ਇਲਾਕੇ ਦੀਆਂ ਸੰਗਤਾਂ, ਸਰਦਾਰਨੀ ਮਹਿੰਦਰ ਕੌਰ ਰੂਪ ਨਗਰ, ਭਾਈ ਰਖਸ਼ਿੰਦਰ ਸਿੰਘ ਜੀ ਅਮਰੀਕਾ, ਭਾਈ ਬਲਜੀਤ ਸਿੰਘ ਜੀ ਇਟਲੀ, ਭਾਈ ਸੁਰਿੰਦਰ ਸਿੰਘ ਜੀ (ਬਾਹੀਆ) ਕਨੇਡਾ ਨੇ ਹੋਰ ਗੁਰੂ ਦੀਆਂ ਸੰਗਤਾਂ ਨਾਲ ਮਿਲ ਕੇ ਦਾਸ ਦੀ ਤੰਦਰੁਸਤੀ, ਲੰਮੀ ਉਮਰ, ਅੱਛੀ ਸਿਹਤ ਲਈ ਬੇਨਤੀ ਕਰਦਿਆਂ ਅਖੰਡ ਪਾਠ ਕਰਵਾਇਆ ਹੈ। ਜੋ ਹੁਕਮਨਾਮਾ ਆਇਆ ਹੈ ਉਹ ਹਜ਼ੂਰ ਕਬੀਰ ਸਾਹਿਬ ਜੀ ਦੇ ਉਚਾਰਨ ਕੀਤੇ ਮਹਾਂਕਾਵ ਵਿਚੋਂ ਆਇਆ ਹੈ। ਸੰਗਤ ਦੇ ਮਨ ਵਿੱਚ ਭਾਵਨਾ ਆਈ ਕਿ ਅਸੀਂ ਢਿੱਲੇ ਰਹਿੰਦੇ ਹਾਂ ਸਾਡੀ ਤੰਦਰੁਸਤੀ ਵਾਸਤੇ ਅਰਦਾਸ ਅਤੇ ਜੋਦੜੀ ਕਰੀਏ। ਮਾਲਿਕ ਨੇ ਜਿੰਨੀ ਉਮਰ ਬਖਸ਼ੀ ਹੈ, ਉਹ ਭੋਗਣੀ ਹੈ। ਪਰ ਜੇਕਰ ਅਸੀਂ ਤੰਦਰੁਸਤ ਰਹਿਣਾ ਚਾਹੁੰਦੇ ਹਾਂ ਤਦ ਸਾਨੂੰ ਜ਼ਿਆਦਾ ਕੰਮ ਕਰਨ ਦਾ ਜੋ ਭਾਰ ਹੈ ਉਸ ਨੂੰ ਘਟਾ ਕੇ ਲਿਮਿਟ ਵਿੱਚ ਰਹਿਣਾ ਪੈਣਾ ਹੈ। ਹੁਣ ਲੰਮੀ ਉਮਰ ਅਤੇ ਤੰਦਰੁਸਤੀ ਵਾਸਤੇ ਜੋ ਅਰਦਾਸ ਕੀਤੀ ਹੈ, ਹਜ਼ੂਰ ਕਬੀਰ ਸਾਹਿਬ ਜੀ ਨੇ ਇਸ ਹੁਕਮਨਾਮੇ ਵਿੱਚ ਬੜਾ ਨਿਰਣਾ ਕਰਕੇ ਦੱਸਿਆ ਹੈ ਕਿ ਜੇ ਸੰਗਤ ਅਰਦਾਸ ਕਰਦੀ ਹੈ ਉਸ ਦਾ ਲਕਸ਼ ਕੀ ਹੈ ਅਤੇ ਮਾਲਿਕ ਕਿੱਦਾਂ ਸੁਣਦੇ ਹਨ। ਸੰਗਤ ਦੀ ਭਾਵਨਾ ਸੀ ਸੋ ਉਹਨਾਂ ਨੇ ਅਰਦਾਸ ਕਰਾਈ ਹੈ। ਇਹ ਠੀਕ ਹੈ ਕਿ ਸਭ ਦੀ ਭਾਵਨਾ ਹੋਣੀ ਚਾਹੀਦੀ ਹੈ ਹਜ਼ੂਰ ਅਰਦਾਸ ਵੀ ਸੁਣਦੇ ਵੀ ਹਨ। ਅਰਦਾਸ ਵਿੱਚ ਬਹੁਤ ਸ਼ਕਤੀ ਹੈ। ਪਰ ਜੇਕਰ ਆਪਾਂ ਇਹ ਸੋਚੀਏ ਕਿ ਅਰਦਾਸਾਂ ਕੀਤਿਆਂ ਉਮਰਾਂ ਲੰਮੀਆ ਹੁੰਦੀਆ ਹਨ ਫੇਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਬਿਨਾਂ ਹੋਰ ਕੋਈ ਕੰਮ ਕੀਤੇ ਅਰਦਾਸਾਂ ਹੀ ਕੀਤੀਆਂ ਜਾਣ। ਪਰ ਹਜ਼ੂਰ ਨੇ ਦੱਸਿਆ ਹੈ ਕਿ ਸਚਮੁੱਚ ਜੋ ਪ੍ਰਾਣੀ ਭਗਤੀ ਵਿੱਚ ਆਉਂਦੇ ਹਨ ਉਹਨਾਂ ਦਾ ਖਿਆਲ ਅਤੇ ਵਿਚਾਰ ਕਿਸ ਤਰ੍ਹਾਂ ਦਾ ਹੁੰਦਾ ਹੈ। ਹੁਣ ਹਜ਼ੂਰ ਕਬੀਰ ਸਾਹਿਬ ਜੀ ਇਸ ਬਾਰੇ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਪੂਰਨ ਸੰਤ ਸਤਿਗੁਰੂ ਜੋ ਕਿ ਇੱਕ ਕੱਪੜੇ ਵਿੱਚ ਲਪੇਟੇ ਮਿਲੇ ਸਨ। ਜੋ ਉਹਨਾਂ ਦੇ ਮਾਤਾ-ਪਿਤਾ ਅਖਵਾਏ ਉਹ ਇਬਾਦਤ ਕਰਨ ਵਾਸਤੇ ਮਸਜਿਦ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਨੇ ਇੱਕ ਬੱਚਾ ਕੱਪੜੇ ਵਿੱਚ ਲਪੇਟਿਆ ਦੇਖਿਆ। ਉਹਨਾਂ ਨੇ ਲਿਆ ਕੇ ਪਰਵਰਿਸ਼ ਕੀਤੀ। ਉਹ ਜੁਲਾਹੇ ਸਨ ਇਸ ਕਰਕੇ ਹਜ਼ੂਰ ਕਬੀਰ ਸਾਹਿਬ ਜੀ ਜਾਤ ਦੇ ਜੁਲਾਹੇ ਅਖਵਾਏ। ਕਿਸੇ ਨੂੰ ਵੀ ਇਹ ਨਹੀਂ ਪਤਾ ਕਿ ਉਹ ਕਿਸ ਕੁਲ ਵਿੱਚ ਪੈਦਾ ਹੋਏ ਸੀ। ਪਰ ਹਮੇਸ਼ਾਂ ਖੁਸ਼ ਰਹਿੰਦੇ ਸਨ। ਉਹਨਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਐਨੇ ਖੁਸ਼ ਕਿਉਂ ਰਹਿੰਦੇ ਹੋ? ਉਹਨਾਂ ਨੇ ਉੱਤਰ ਦਿੱਤਾ ਕਿ

*ਭਲਾ ਹੂਆ ਹਮ ਨੀਚ ਭਏ ਸਭ ਕੋ ਕਰਤ ਸਲਾਮ॥*

*ਹੋਤੇ ਉਚੀ ਜਾਤਿ ਮੇ ਡੂਬ ਮਰਤੇ ਅਭਿਮਾਨ॥*

ਆਮ ਕਰਕੇ ਕਿਹਾ ਜਾਂਦਾ ਹੈ ਕਿ ਜਾਹ ਓਇ ਜੁਲਾਹਿਆ ਜਿਹਾ ਕੀ ਕਰਦਾ ਏਂ! ਪਰ ਹਜ਼ੂਰ ਕਬੀਰ ਸਾਹਿਬ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਓਛੀ ਮਤਿ ਮੇਰੀ ਜਾਤ ਜੁਲਾਹਾ॥*

*ਹਰਿ ਕਾ ਨਾਮ ਲਹਿਓ ਮੈ ਲਾਹਾ॥*

*ਕਹਤ ਕਬੀਰ ਸੁਨਹੁ ਮੇਰੀ ਮਾਈ॥*

*ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥4॥2॥*

*(ਅੰਗ 524)*

ਹਜ਼ੂਰ ਕਬੀਰ ਸਾਹਿਬ ਇਸ ਹੁਕਮਨਾਮੇ ਵਿੱਚ ਫ਼ੁਰਮਾਨ ਕਰ ਰਹੇ ਹਨ ਕਿ ਮੰਦਿਰ ਉਹ ਹੈ ਜਿੱਥੇ ਪੂਜਾ ਹੁੰਦੀ ਹੈ। ਜੋ ਸ੍ਰੀ ਦਰਬਾਰ ਸਾਹਿਬ ਜੀ ਹੈ ਉਹ ਪਹਿਲਾਂ ਰਾਮਦਾਸਪੁਰ ਸੀ। ਫੇਰ ਹਰੀ ਮੰਦਰ ਅਤੇ ਫੇਰ ਹਰੀ ਮੰਦਰ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਫੇਰ ਗੋਲਡਨ ਟੈਂਪਲ ਬਣਿਆ। ਪਹਿਲਾਂ ਇਸ ਦਾ ਨਾਮ ਰਾਮਦਾਸਪੁਰ ਸੀ ਫੇਰ ਉਥੇ ਹਰੀ ਦੀ ਕਥਾ ਅਤੇ ਉਪਮਾ ਹੋਈ ਤਾਂ ਹਰਿਮੰਦਰ ਬਣਿਆ। ਸਭ ਤੋਂ ਪਵਿਤੱਰ ਅਤੇ ਉੱਤਮ ਤੋਂ ਉੱਤਮ ਸਾਡੇ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਹੈ। ਜੋ ਹਿੰਦੂ ਮੱਤ ਨੂੰ ਦ੍ਰਿੜ ਕਰਕੇ ਮੰਨਦੇ ਹਨ ਉਹਨਾਂ ਲਈ ਕਾਸ਼ੀ, ਮਥੁਰਾ ਹਰਿਦੁਆਰ ਸਭ ਤੋਂ ਉੱਤਮ ਹੈ। ਮੁਸਲਮਾਨ ਮੱਕੇ ਨੂੰ ਉੱਤਮ ਮੰਨਦੇ ਹਨ। ਅਤੇ ਲਾਰਡ ਕ੍ਰਾਈਸਟ ਨੂੰ ਮੰਨਣ ਵਾਲੇ ਰੋਮ (ਇਟਲੀ) ਵਿੱਚ ਸਥਾਨ ਹੈ ਉਸਨੂੰ ਮੰਨਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਪਵਿੱਤਰ ਸਥਾਨ ਵਿੱਚ ਕੋਈ ਹਉਮੈ, ਤਾਕਤ, ਬਲ ਵਰਤਦਾ ਹੈ ਤਦ ਉਸ ਦਾ ਕੋਈ ਟਿਕਾਣਾ ਨਹੀਂ ਹੈ।

*ਲੇਨੇ ਕੋ ਹਰੀ ਨਾਮ ਹੈ ਦੇਨੇ ਕੋ ਹੈ ਦਾਨ।*

*ਤੈਰਨੇ ਕੋ ਗੁਰੁ ਭਗਤੀ ਡੂਬਨੇ ਕੋ ਅਭਿਮਾਨ।*

ਜਦੋਂ ਕੋਈ ਜੀਵ ਅਭਿਮਾਨ ਕਰਦਾ ਹੈ ਉਹ ਗੁਰੂ ਘਰ ਵਿੱਚ ਕਬੂਲ ਨਹੀਂ ਹੁੰਦਾ। ਉੱਥੇ ਹਮੇਸ਼ਾ ਨਿਮਰਤਾ ਅਤੇ ਜੋਦੜੀ ਕੰਮ ਆਉਂਦੀ ਹੈ। ਅਗਰ ਅਸੀਂ ਗੁਰੂ ਘਰ ਜਾ ਕੇ ਆਪਣਾ ਬਲ ਜਾਂ ਹਠ ਵਰਤਦੇ ਹਾਂ ਉਹ ਕਬੂਲ ਨਹੀਂ ਹੈ। ਜਿਸ ਤਰ੍ਹਾਂ ਬੇੜੀ ਜਾਂ ਜਹਾਜ਼ ਤੋਂ ਬਗੈਰ ਸਮੁੰਦਰ ਪਾਰ ਨਹੀਂ ਕੀਤਾ ਜਾ ਸਕਦਾ,. ਇਸ ਤਰ੍ਹਾਂ ਇਸ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਭਵਸਾਗਰ ਨੂੰ ਨਾਮ ਤੋਂ ਬਗੈਰ ਜੀਵ ਪਾਰ ਨਹੀਂ ਕਰ ਸਕਦਾ।

**ਕੁੰਭ ਬਿਨਾ ਜਲੁ ਨ ਟੀਕਾਵੈ॥**

**ਸਾਧੂ ਬਿਨੁ ਐਸੇ ਅਬਗਤੁ ਜਾਵੈ॥੨॥**

ਜਦੋਂ ਤੱਕ ਕੋਈ ਬਰਤਨ ਨਹੀਂ ਹੋਵੇਗਾ ਜਲ ਟਿਕੇਗਾ ਨਹੀਂ। ਉਹ ਧਰਤੀ ਉੱਪਰ ਡੁੱਲ ਕੇ ਧਰਤੀ ਵਿੱਚ ਹੀ ਸਮਾ ਜਾਂਦਾ ਹੈ। ਅਗਰ ਜਲ ਤੂੰ ਕਾਇਮ ਰੱਖਣਾ ਹੈ ਤਦ ਘੜੇ ਜਾਂ ਬਰਤਨ ਦੀ ਲੋੜ ਹੈ। ਇਸੇ ਤਰ੍ਹਾਂ ਅਗਰ ਤੁਸੀਂ ਆਪਣਾ ਜੀਵਨ ਸਫ਼ਲ ਕਰਨਾ ਚਾਹੁੰਦੇ ਹੋ, ਤੁਸੀਂ ਸੋਚਦੇ ਹੋ ਕਿ ਸਾਡੀ ਚੁਰਾਸੀ ਤੋਂ ਮੁਕਤੀ ਹੋ ਜਾਵੇ ਤਦ ਸਾਧੂ ਦੀ ਸੰਗਤ ਜਰੂਰ ਕਰੋ। ਸਾਧੂ ਇੱਕ ਐਸੀ ਸ਼ਕਤੀ ਸਾਧਨ, ਵਿਚੋਲਾ ਮਿਲਾਵਾ ਹੁੰਦੇ ਹਨ ਜੋ ਜੀਵ ਨੂੰ ਇਸ ਚੁਰਾਸੀ ਦੇ ਗੇੜ ਤੋਂ ਮੁਕਤ ਕਰਦੇ ਹਨ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਬੁਲੰਦ ਆਵਾਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ ਹੈ ਕਿ

*ਸਲੋਕ ਸੇਖ ਫਰੀਦ ਕੇ ਮਹਲਾ ੫॥*

*ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥*

*ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ॥੧੨॥*

*(ਅੰਗ 1382)*

ਜੋ ਦੇਹ ਰੂਪੀ ਸਾਧੂ ਦੀ ਸੰਗਤ ਨਹੀਂ ਕਰਦੇ ਉਹਨਾਂ ਨੂੰ ਕੋਈ ਫਾਇਦਾ ਨਹੀਂ ਮਿਲਣਾ। ਪਰ ਜੋ ਸੰਗਤ ਕਰਦੇ ਹਨ ਉਹਨਾਂ ਨੂੰ ਆਂਚ ਨਹੀਂ ਆ ਸਕਦੀ। ਜਿਸ ਤਰ੍ਹਾਂ ਪਾਣੀ ਨੂੰ ਸੰਭਾਲਣ ਲਈ ਘੜੇ ਦੀ ਲੋੜ ਹੈ ਇਸ ਤਰ੍ਹਾਂ ਭਗਤੀ ਮਾਰਗ ਵਿੱਚ ਸਾਧੂ ਦੀ ਸੰਗਤ ਬਹੁਤ ਜਰੂਰੀ ਹੈ। ਵਰਨਾ ਜੀਵ ਦਾ ਜਨਮ ਔਤਰ ਜਾਂਦਾ ਹੈ।

**ਜਾਰਉ ਤਿਸੈ ਜੁ ਰਾਮੁ ਨ ਚੇਤੈ॥**

**ਤਨ ਮਨ ਰਮਤ ਰਹੈ ਮਹਿ ਖੇਤੈ॥੧॥ ਰਹਾਉ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਜੀਵ ਰਾਮ ਦਾ ਨਾਮ ਨਹੀਂ ਜਪਦੇ ਉਹਨਾਂ ਨੂੰ ਸਾੜ ਦੇਣਾ ਚਾਹੀਦਾ ਹੈ। ਸੰਤਾਂ ਨੇ ਅਤੇ ਹਜ਼ੂਰ ਸ਼ੇਖ ਫਰੀਦ ਸਾਹਿਬ ਜੀ ਨੇ ਨਮਾਜ਼ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ ਹੈ ਕਿ

*ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥*

*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥੧॥*

*ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥*

*ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥੧੨॥*

*(ਅੰਗ 1381)*

ਕੁੰਨ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਪਾ ਕੇ ਚਮੜੇ ਨੂੰ ਰੰਗਿਆ ਜਾਂਦਾ ਹੈ। ਉੱਥੇ ਬਹੁਤ ਬਦਬੂ ਹੁੰਦੀ ਹੈ। ਹਜ਼ੂਰ ਫ਼ਰਮਾਉਂਦੇ ਹਨ ਕਿ ਜੋ ਸਿਰ ਇਬਾਦਤ ਲਈ ਝੁਕਦਾ ਨਹੀਂ ਉਸ ਨੂੰ ਕੁੰਨ ਹੇਠ ਬਲਦੀ ਅੱਗ ਵਿੱਚ ਸਾੜ ਦਿੱਤਾ ਜਾਵੇ। ਉਸ ਦੇਹੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ, ਭਸਮ ਕਰ ਦੇਣਾ ਚਾਹੀਦਾ ਹੈ ਜੋ ਉਸ ਰਾਮ ਦਾ ਜਾਪ ਨਹੀਂ ਕਰਦੀ। ਇੱਥੇ ਖੇਤ ਮੈਦਾਨ ਨੂੰ ਕਿਹਾ ਗਿਆ ਹੈ।

*ਕਹੈ ਕਬੀਰੁ ਸੁਨਹੁ ਰੇ ਸੰਤਹੁ*

*ਖੇਤ ਹੀ ਕਰਹੁ ਨਿਬੇਰਾ॥।*

*ਅਬ ਕੀ ਬਾਰ ਬਖਸਿ ਬੰਦੇ ਕਉ*

*ਬਹੁਰਿ ਨ ਭਉਜਲਿ ਫੇਰਾ॥੩॥ (ਅੰਗ 1104।*

*ਤਥਾ*

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*

*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥*

*(ਅੰਗ 1105)*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਇਸ ਜੀਵਨ ਵਿੱਚ ਜਿਸ ਜਗ੍ਹਾ, ਖੇਤ ਵਿੱਚ ਵਿਚਰ ਰਹੇ ਹਾਂ ਉਸ ਜਗ੍ਹਾ ਤੇ ਰਾਮ ਦੇ ਨਾਮ ਵਿੱਚ ਰਮਤ ਰਹਿਣਾ ਚਾਹੀਦਾ ਹੈ। ਕੋਈ ਅਜੇ ਤੱਕ ਨਾ ਇੱਥੇ ਰਿਹਾ ਹੈ ਅਤੇ ਨਾ ਹੀ ਅਸੀਂ ਰਹਿਣਾ ਹੈ। ਸਾਡੇ ਹਜ਼ੂਰ ਨਹੀਂ ਰਹੇ। ਐਨੀਆਂ ਵੱਡੀਆਂ-ਵੱਡੀਆਂ ਤਾਕਤਾਂ ਅਤੇ ਪਾਤਿਸ਼ਾਹੀਆਂ ਵੀ ਨਹੀਂ ਰਹੀਆਂ। ਸਭ ਆਪਣੇ-ਆਪਣੇ ਸਮੇਂ ਤੇ ਆਏ ਅਤੇ ਚਲੇ ਗਏ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਲਾਭ ਲੈਣਾ ਹੈ, ਖੱਟੀ ਖੱਟਣੀ ਹੈ ਤਦ ਸਾਧੂ ਦੀ ਸੰਗਤ ਵਿੱਚ ਰਹਿੰਦਿਆ ਸਿਮਰਨ ਕਰਕੇ ਖੱਟੀ-ਖੱਟਣੀ ਚਾਹੀਦੀ ਹੈ। ਸਾਡੇ ਹਜ਼ੂਰ ਫ਼ੁਰਮਾਇਆ ਕਰਦੇ ਸਨ ਕਿ ਜੋ ਡੇਰੇ ਹੁੰਦੇ ਹਨ ਉਹ ਸੰਤਾਂ ਤੋਂ ਬਾਦ ਦਾਇਰੇ ਬਣ ਜਾਂਦੇ ਹਨ। ਯਾਰਾਂ ਨਾਲ ਬਹਾਰਾਂ ਹੁੰਦੀਆਂ ਹਨ। ਸੰਤਾਂ ਸਾਧੂਆਂ ਨੂੰ ਯਾਰ, ਭੈਣ, ਭਰਾ, ਬਜੁਰਗ, ਦੋਸਤ ਜਾਂ ਮਿੱਤਰ ਸਮਝ ਲਉ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਕਿਸੇ ਕੋਲੋਂ ਪੁੱਛਣ ਦੀ ਲੋੜ ਨਹੀਂ ਹੈ। ਅਗਰ ਅਸੀਂ ਸਿਮਰਨ ਨਹੀਂ ਕਰਦੇ ਫੇਰ ਸਾਡਾ ਸਰੀਰ ਵੀ ਭਸਮ ਹੋ ਜਾਣਾ ਚਾਹੀਦਾ

ਹੈ। ਅਤੇ ਅਸੀਂ ਇੱਥੇ ਹੀ ਨਬੇੜਾ ਕਰਨਾ ਹੈ। ਹਜ਼ੂਰ ਕਬੀਰ ਸਾਹਿਬ ਜਿਹੜੀਆਂ ਚੀਜਾਂ ਦਾ ਜਿਕਰ ਕਰ ਰਹੇ ਹਨ ਉਹ ਵੀ ਆਪਾਂ ਅੱਗੇ ਧਿਆਨ ਨਾਲ ਸਰਵਣ ਕਰੀਏ।

**ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥**

**ਸੂਤ ਬਿਨਾ ਕੈਸੇ ਮਣੀ ਪਰੋਈਐ॥**

ਅਸੀਂ ਜਿੰਮੀਦਾਰ ਹਾਂ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਤੱਕ ਖੇਤ ਨੂੰ ਹਲ ਨਾਲ ਵਾਹਿਆ ਨਹੀਂ ਜਾਂਦਾ ਉਨੀ ਦੇਰ ਜ਼ਮੀਨ ਬੀਜੀ ਨਹੀਂ ਜਾ ਸਕਦੀ। ਉਹ ਬੰਜਰ ਹੋ ਜਾਂਦੀ ਹੈ। ਉਸ ਵਿੱਚ ਕੁਝ ਨਹੀਂ ਉੱਗਦਾ। ਇਸੇ ਤਰ੍ਹਾਂ ਜਦੋਂ ਤੱਕ ਆਪਣੇ ਜੀਵਨ ਵਿੱਚ ਅਸੀਂ ਨਾਮ ਦਾ ਹਲ ਨਹੀਂ ਵਾਹਾਂਗੇ ਨਾਮ ਦੀ ਉਪਜ ਨਹੀਂ ਹੋ ਸਕਦੀ। ਅਗਰ ਮਣੀ ਅਰਥਾਤ ਕੀਮਤੀ ਮੋਤੀਆਂ ਵਿੱਚ ਡੋਰ ਨਹੀਂ ਹੈ ਉਹ ਮੋਤੀ ਖਿੱਲਰ ਜਾਂਦੇ ਹਨ। ਸਾਧੂ ਸੰਗਤ ਨੂੰ ਨਾਮ ਦੀ ਡੋਰ ਵਿੱਚ ਪਰੋਂਦੇ ਹਨ ਤਾਂ ਕਿ ਉਹਨਾਂ ਦਾ ਸਤਿਕਾਰ ਬਣਿਆ ਰਹੇ। ਮਣੀ ਅਰਥਾਤ ਮੋਤੀਆਂ ਦੀ ਮਾਲਾ ਇਸਤਰੀਆਂ ਦੇ, ਪੁਰਸ਼ਾਂ ਦੇ ਗਲੇ ਦਾ ਸ਼ਿੰਗਾਰ ਬਣਦੀ ਹੈ। ਪਰ ਜੇਕਰ ਵਿੱਚੋਂ ਸੂਤ ਨਿਕਲ ਜਾਂਦਾ ਹੈ ਤਦ ਉਹ ਬਿਖਰ ਜਾਂਦੀ ਹੈ। ਸਾਧੂ ਜੀਵਾਂ ਨੂੰ, ਸੰਗਤ ਨੂੰ ਇਤਿਫਾਕ, ਏਕਤਾ, ਸਦਭਾਵਨਾ, ਵਾਸਤੇ ਪਿਆਰ ਨਾਲ ਰਹਿਣ ਦੀ ਡੋਰ ਪਾਉਂਦੇ ਹਨ ਕਿ ਤੁਸੀਂ ਵਧੀਆ ਤਰੀਕੇ ਨਾਲ ਰਹੋ। ਇਸ ਤਰ੍ਹਾਂ ਸਾਧੂ ਖੇਤੀ ਦੀ ਜੁਗਤੀ ਦੱਸਦੇ ਹਨ ਅਤੇ ਡੋਰ ਬਣਕੇ ਜਿਸ ਤਰ੍ਹਾਂ ਬੀਬੀਆਂ ਆਪਣੀਆਂ ਲੜਕੀਆਂ ਦੇ ਤਿਆਰ ਕੀਤੇ ਸਮਾਨ ਨੂੰ ਸਾਂਭ ਕੇ ਰੱਖਦੀਆਂ ਹਨ ਅਤੇ ਉਸ ਨੂੰ ਦਹੇਜ ਵਿੱਚ ਦੇ ਦਿੰਦੀਆਂ ਹਨ। ਇਸ ਤਰ੍ਹਾਂ ਸਾਧੂ ਡੋਰ ਬਣ ਕੇ ਜੀਵ ਦੀ ਭਗਤੀ ਨੂੰ ਸੰਭਲ ਕੇ ਰੱਖਦੇ ਹਨ।

**ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ॥**

**ਸਾਧੂ ਬਿਨੁ ਤੈਸੇ ਅਬਗਤੁ ਜਾਈਐ॥੨॥**

ਜਿਸ ਤਰ੍ਹਾਂ ਮਾਲਾ ਨੂੰ ਸੂਤ ਵਿੱਚ ਪਿਰੋ ਕੇ ਘੁੰਡੀ ਪਾ ਕੇ ਗੰਢ ਨਾ ਦਿੱਤੀ ਜਾਵੇ ਤਦ ਉਹ ਗੰਢ ਖੁਲ ਜਾਂਦੀ ਹੈ। ਅਗਰ ਜੁਗਤੀ ਦੁਆਰਾ ਘੁੰਡੀ ਪਾ ਕੇ ਗੰਢ ਦਿੱਤੀ ਜਾਵੇ ਫੇਰ ਉਹ ਮਾਲਾ ਬਿਖਰਦੀ ਨਹੀਂ ਹੈ। ਉਸ ਤਰ੍ਹਾਂ ਸਾਧੂ ਜੁਗਤੀ ਦੁਆਰਾ ਜੀਵ ਕੋਲੋਂ ਸਿਮਰਨ ਕਰਵਾਉਂਦੇ ਹਨ ਅਤੇ ਉਸ ਸਿਮਰਨ ਦੁਆਰਾ ਹੀ ਜੀਵ ਦਾ ਉਧਾਰ ਕਰਦੇ ਹਨ।

**ਜੈਸੇ ਮਾਤ-ਪਿਤਾ ਬਿਨੁ ਬਾਲੁ ਨ ਹੋਈ॥**

ਹਜ਼ੂਰ ਅੱਗੇ ਪ੍ਰਮਾਣ ਦੇ ਰਹੇ ਹਨ ਕਿ ਜਿਸ ਤਰ੍ਹਾਂ ਮਾਤਾ-ਪਿਤਾ ਦੇ ਸੰਯੋਗ ਤੋਂ ਬਿਨਾਂ ਬੱਚਾ ਪੈਦਾ ਨਹੀਂ ਹੋ ਸਕਦਾ। ਇਸ ਤਰ੍ਹਾਂ ਸਾਧੂ ਅਗਰ ਜੁਗਤੀ ਨਾ ਦੱਸਣ ਤਦ ਜੀਵ ਭਗਤੀ ਨਹੀਂ ਕਰ ਸਕਦਾ।

*ਵਸਤੁ ਕਹੀ ਢੂੰਢੇ ਕਹੀ ਕਿਸ ਬਿਧਿ ਆਵੈ ਹਾਥ॥*

*ਕਹੇ ਕਬੀਰ ਵੋਹ ਤਬ ਮਿਲੇ ਜਬ ਭੇਦੀ ਲੀਜੈ ਸਾਥ॥*

ਸਾਧੂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀਆਂ ਗੰਢਾ ਖੋਲ੍ਹ ਦਿੰਦੇ ਹਨ ਅਤੇ ਆਂਡਾ, ਮੀਟ, ਸ਼ਰਾਬ ਵਰਜਿਤ ਕਰਦੇ ਹਨ। ਇਸ ਕਰਕੇ ਕਰਦੇ ਹਨ ਕਿਉਂਕਿ ਹਜ਼ੂਰ ਕਬੀਰ ਸਾਹਿਬ ਜੀ ਦਾ ਸਲੋਕ ਹੈ ਕਿ

*ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥*

*ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥232॥*

*(ਅੰਗ 1377)*

ਅਗਰ ਅਸੀਂ ਇਹਨਾ ਚੀਜਾਂ ਦੀ ਵਰਤੋਂ ਕਰਾਂਗੇ ਜਿਸ ਤਰ੍ਹਾਂ ਭੁਚਾਲ ਆ ਕੇ ਸਭ ਕੁਝ ਗਰਕ ਜਾਂਦਾ ਹੈ ਇਸ ਤਰ੍ਹਾਂ ਇਹਨਾਂ ਨਸ਼ਿਆਂ ਦੀ ਵਰਤੋ ਨਾਲ ਜੀਵ ਦੀ ਭਗਤੀ ਨਸ਼ਟ ਹੋ ਜਾਂਦੀ ਹੈ। ਇਸ ਲਈ ਸਾਧੂ ਜੀਵ ਦੀ ਭਗਤੀ ਨੂੰ ਕਾਇਮ ਰੱਖਣ ਲਈ ਤਰੀਕੇ ਦੱਸਦੇ ਹਨ। ਦਹੀਂ ਵਿੱਚ ਬਹੁਤ ਸਾਰੇ ਬੈਕਟੀਰਿਆ ਹੁੰਦੇ ਹਨ। ਅਗਰ ਦਹੀਂ ਨੂੰ ਤੁਸੀਂ ਮਾਇਕਰੋਸਕੋਪ ਨਾਲ ਦੇਖੋ ਫੇਰ ਤੁਸੀਂ ਕਦੇ ਵੀ ਦਹੀਂ ਨਹੀਂ ਖਾ ਸਕਦੇ। ਜਿੰਨੇ ਵੀ ਫਲ ਜਾਂ ਦਾਣੇ ਹਨ ਸਭ ਵਿੱਚ ਜੀਵ ਹਨ।

*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥ (ਅੰਗ 472)*

ਸੰਤ ਉਸ ਚੀਜ ਤੋਂ ਵਰਜਦੇ ਹਨ ਜਿਸ ਦਾ ਪ੍ਰਯੋਗ ਕੀਤਿਆਂ ਸਾਡੀ ਭਗਤੀ ਵਿੱਚ ਵਿਘਨ ਪੈਂਦਾ ਹੈ। ਉਸ ਬਾਰੇ ਜੁਗਤੀਆਂ ਦੱਸਦੇ ਹਨ। ਇਸ ਤਰ੍ਹਾਂ ਜੀਵ ਦੀ ਭਗਤੀ ਨੂੰ ਗੰਢ ਮਾਰਦੇ ਹਨ।

*ਸੌ ਹੱਥ ਰੱਸਾ ਸਿਰੇ ਤੇ ਗੰਢ।*

ਜਦੋਂ ਤੱਕ ਗੰਢ ਨਹੀਂ ਵੱਜਦੀ ਉਦੋਂ ਤੱਕ ਇਨਸਾਨ ਕਾਇਮ ਨਹੀਂ ਰਹਿੰਦਾ, ਮਾਲਾ ਸਥਿਰ ਨਹੀਂ ਰਹਿੰਦੀ।

**ਬਿੰਬ ਬਿਨਾ ਕੈਸੇ ਕਪਰੇ ਧੋਈ॥**

ਬਿੰਬ ਤੋਂ ਭਾਵ ਹੈ ਕੱਲਰ। ਪਹਿਲਾਂ ਲੋਕ ਸਾਬਣ ਦੀ ਜਗ੍ਹਾ ਕੱਲਰ ਨਾਲ ਕੱਪੜਿਆਂ ਦੀ ਸਫ਼ਾਈ ਕਰਦੇ ਹੁੰਦੇ ਸੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਬਣ ਤੋਂ ਬਿਨਾਂ ਕੱਪੜਾ ਧੁਪਦਾ ਨਹੀਂ ਹੈ। ਇਸ ਕਰਕੇ ਕੱਪੜੇ ਦੀ ਸਫ਼ਾਈ ਲਈ ਸਾਬਣ ਦੀ ਲੋੜ ਹੈ।

*ਮੂਤ ਪਲੀਤੀ ਕਪੜੁ ਹੋਇ॥*

*ਦੇ ਸਾਬੂਣੁ ਲਈਐ ਓਹੁ ਧੋਇ॥ (ਅੰਗ 4)*

ਇਸ ਤਰ੍ਹਾਂ ਸਾਧੂ ਕਿਤੇ ਘੁੰਡੀ ਬਣਾ ਕੇ, ਕਿਤੇ ਡੋਰ ਬਣ ਕੇ ਮਾਲਾ ਬਣਾਉਂਦੇ ਹਨ ਕਿਤੇ ਉਹ ਕੋਈ ਜੁਗਤੀ ਦੱਸ ਕੇ, ਸੰਗਤ ਨੂੰ ਪ੍ਰੇਰਨਾ ਦੇ ਕੇ ਇਸ ਭਵਸਾਗਰ ਤੋਂ ਪਾਰ ਉਤਾਰਾ

ਕਰਦੇ ਹਨ।

**ਘੋਰ ਬਿਨਾ ਕੈਸੇ ਅਸਵਾਰ॥**

ਕਈ ਵਾਰ ਸਾਧੂ ਜੀਵ ਦੀ ਸਵਾਰੀ ਬਣ ਜਾਂਦੇ ਹਨ। ਜਿਸ ਤਰ੍ਹਾਂ ਕਈ ਬਾਪ, ਦਾਦੇ ਨਾਨੇ ਨੇ ਗੋਠ ਮਾਰ ਕੇ ਧਰਤੀ ਤੇ ਹੱਥ ਲਾ ਕੇ ਬੱਚੇ ਨੂੰ ਲੱਕ ਉੱਪਰ ਚੜਾਇਆ ਹੁੰਦਾ ਹੈ ਅਤੇ ਉਹ ਘੋੜਾ ਬਣ ਕੇ ਬੱਚੇ ਨੂੰ ਝੂਟੇ ਦਿੰਦੇ ਹਨ। ਇਹ ਸਭ ਉਹ ਪਿਆਰ ਵੱਸ ਆ ਕੇ ਕਰਦੇ ਹਨ। ਇਸੇ ਤਰ੍ਹਾਂ ਸਾਧੂ ਸੰਗਤ ਦੀ ਖਾਤਿਰ ਸਵਾਰੀ ਵਾਸਤੇ ਘੋੜੇ ਵੀ ਬਣ ਜਾਂਦੇ ਹਨ। ਕਦੀ ਸਾਧੂ ਜੀਵ ਦੇ ਮਨ ਨੂੰ ਘੋੜਾ ਬਣਾ ਕੇ ਆਪ ਸਵਾਰੀ ਕਰਦੇ ਹਨ

*ਮਨ ਕੇ ਮਤੈ ਨਾ ਚਾਲੀਏ॥*

*ਮਨ ਕੇ ਫੰਦ ਅਨੇਕ॥*

*ਜੋ ਮਨ ਪਰ ਅਸਵਾਰ ਹੈ*

*ਸੋ ਵਿਰਲਾ ਕੋਈ ਏਕ॥*

ਕਦੀ ਜੀਵ ਦਾ ਪਾਰ ਉਤਾਰਾ ਕਰਨ ਲਈ ਬੋਹਿਥ, ਬੇੜਾ ਬਣ ਜਾਂਦੇ ਹਨ। ਇਸ ਤਰ੍ਹਾਂ ਸਾਧੂ ਆਪਣੇ ਸੇਵਕ ਦੀ ਖਾਤਿਰ, ਭਗਤੀ ਵਿੱਚ ਆ ਕੇ ਸਾਰੇ ਹੀ ਯਤਨ ਕਰਦੇ ਹਨ ਤਾਂ ਕਿ ਕਿਸੇ ਤਰ੍ਹਾਂ ਜੀਵ ਦਾ ਪਾਰ ਉਤਾਰਾ ਹੋ ਜਾਵੇ।

**ਸਾਧੂ ਬਿਨੁ ਨਾਹੀ ਦਰਵਾਰ॥੩॥**

ਅਸਲੀ ਦਰਬਾਰ ਉਹੋ ਹੀ ਜਿੱਥੇ ਸਾਧੂ ਦੀ ਸੰਗਤ ਹੋਵੇ। ਰਾਜੇ ਦਾ ਦਰਬਾਰ ਨਹੀਂ ਹੈ।

*ਕੋਊ ਹਰਿ ਸਮਾਨਿ ਨਹੀਂ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥*

*(ਅੰਗ 856)*

ਦਰਬਾਰ ਸਾਧੂਆਂ, ਸੰਤਾਂ ਨਾਲ ਲੱਗਦੇ ਹਨ। ਹੋਰ ਕੋਈ ਵੀ ਦਰਬਾਰ ਉਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਕਿਉਂਕਿ ਦੂਸਰੇ ਦਰਬਾਰਾਂ ਵਿੱਚ ਪੱਖਪਾਤ ਹੁੰਦਾ ਹੈ। ਉਹ ਸੱਚੇ ਦਰਬਾਰ ਨਹੀਂ ਕਹਾਉਂਦੇ।

ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਅਹਿਦ ਦੀ ਗੱਲ ਹੈ ਕਿ ਕੋਈ ਘਾਹ ਖੋਤਣ ਵਾਲਾ ਜੀਵ ਸੀ। ਉਹ ਭੁਲੇਖੇ ਨਾਲ ਜਹਾਂਗੀਰ ਦੇ ਦਰਬਾਰ ਵਿੱਚ ਘਾਹ ਦੀ ਪੰਡ ਲੈ ਕੇ ਚਲਾ ਗਿਆ। ਉਹਨਾਂ ਨੇ ਕੋਈ ਕਦਰ ਨਾ ਕੀਤੀ। ਤਦ ਉਹ ਪੰਡ ਚੁੱਕ ਕੇ ਤੁਰ ਪਿਆ। ਉਹ ਪੁੱਛਣ ਲੱਗੇ ਕਿੱਥੇ ਚੱਲਿਆਂ ਏਂ? ਉਸ ਨੇ ਉੱਤਰ ਦਿੱਤਾ ਮੈਂ ਸੱਚੇ ਸ਼ਹਿਨਸ਼ਾਹ ਦੇ ਦਰਬਾਰ ਵਿੱਚ ਜਾਣਾ ਸੀ। ਇਹ ਸੱਚਾ ਦਰਬਾਰ ਨਹੀਂ ਹੈ ਮੈਨੂੰ ਭੁਲੇਖਾ ਲੱਗ ਗਿਆ ਸੀ। ਮੈਂ ਸੁਣਿਆ ਸੀ ਕਿ ਮੇਰੇ ਸੱਚੇ ਸ਼ਹਿਨਸ਼ਾਹ ਜੀਵ ਨੂੰ ਗਲ ਲਾਉਂਦੇ ਹਨ। ਜਹਾਂਗੀਰ ਬੜਾ ਸਿਆਣਾ ਬਾਦਸ਼ਾਹ ਸੀ। ਉਸ ਨੇ ਕਿਹਾ ਇਸ ਦੇ ਪਿੱਛੇ ਜਾਓ ਅਤੇ ਦੇਖੋ ਕਿ ਇਹ ਕਿੱਥੇ ਜਾਂਦਾ ਹੈ? ਜਦੋਂ ਉਹ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਦਰਬਾਰ ਵੱਲ ਗਿਆ ਤਾਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਆਪਣੇ ਤਖਤ ਉੱਪਰੋਂ ਉੱਠ ਕੇ ਭੱਜ ਕੇ ਆਏ। ਆ ਕੇ ਉਸਦੇ ਸਿਰ ਉੱਪਰੋਂ ਘਾਹ ਦੀ ਪੰਡ ਚੁੱਕ ਲਈ ਅਤੇ ਗਲ ਲਾ ਕੇ ਕਿਹਾ ਮੈਨੂੰ ਮਾਫ਼ ਕਰ ਦੇਵੀਂ। ਉਹ ਕਹਿਣ ਲੱਗਾ ਸੱਚੇ ਪਾਤਿਸ਼ਾਹੋ! ਤੁਸੀਂ ਸ਼ਹਿਨਸ਼ਾਹ ਹੋ ਕੇ ਮਾਫ਼ੀ ਮੰਗ ਰਹੇ ਹੋ। ਹਜ਼ੂਰ ਕਹਿਣ ਲੱਗੇ ਮੇਰੀ ਗਲਤੀ ਹੈ ਕਿ ਮੈਂ ਬਾਹਰ ਸੇਵਾਦਾਰ ਨਹੀਂ ਲਾਏ ਜਿਸ ਕਾਰਨ ਤੈਨੂੰ ਜਹਾਂਗੀਰ ਦੇ ਦਰਬਾਰ ਵਿੱਚ ਨੀਵਾਂ ਹੋਣਾ ਪਿਆ।

*ਸਾਧ ਜੋ ਨਿਵੈ ਸਿਖ ਕਉ ਗੁਰੂ ਕਹਾਵੇ ਸੋਇ॥*

ਜੋ ਸਾਧੂ ਆਪਣੇ ਸੇਵਕਾਂ ਨਾਲ ਨਿਮਰਤਾ ਨਹੀਂ ਵਰਤਦਾ ਉਹ ਸਾਧੂ ਹੀ ਨਹੀਂ ਹੈ। ਸੱਚਾ ਦਰਬਾਰ ਉਹੋ ਹੀ ਹੈ ਜਿੱਥੇ ਸੱਚੇ ਸਾਧੂ ਹੋਣ, ਉਹ ਆਪਣੀ ਸੰਗਤ ਨਾਲ ਪਿਆਰ ਕਰਨ, ਸੰਗਤ ਨੂੰ ਨਮਸਕਾਰ ਕਰਨ। ਅਸੀਂ ਸਭ ਨੂੰ ਮਨ੍ਹਾ ਕਰਦੇ ਹਾਂ ਸਾਨੂੰ ਮੱਥਾ ਨਾ ਟੇਕੋ। ਤੁਹਾਨੂੰ ਐਨੀ ਆਗਿਆ ਹੈ ਕਿ ਤੁਸੀਂ ਸਾਨੂੰ ਮਿਲੋ, ਨਮਸਕਾਰ ਕਰੋ, ਦੂਰੋਂ ਝੁਕ ਕੇ ਪ੍ਰਣਾਮ ਕਰੋ, ਸਤਿਨਾਮੁ ਕਹੋ, ਸਤਿ ਸ੍ਰੀ ਅਕਾਲ ਕਹੋ। ਤੁਸੀਂ ਜ਼ਿੰਦਗੀ ਵਿੱਚ ਕਦੀ ਨਹੀਂ ਦੇਖੋਗੇ ਕਿ ਅਸੀਂ ਸਤਿਸੰਗ ਕਰਨ ਤੋਂ ਪਹਿਲਾਂ ਤੁਹਾਨੂੰ ਨਮਸਕਾਰ ਨਾ ਕੀਤੀ ਹੋਵੇ। ਤੁਸੀਂ ਕਦੀ ਵੀ ਦੇਖਿਆ ਹੈ ਕਿ ਅਸੀਂ ਤੁਹਾਨੂੰ ਨਮਸਕਾਰ ਕਰਨ ਤੋਂ ਬਗੈਰ ਸਤਿਸੰਗ ਕੀਤਾ ਹੋਵੇ? ਕਿਉਂਕਿ ਸਾਨੂੰ ਹਜ਼ੂਰ ਦਸਵੇਂ ਪਾਤਿਸਾਹ ਦੇ ਬਚਨ ਹਮੇਸ਼ਾ ਯਾਦ ਰਹਿੰਦੇ ਹਨ ਕਿ

*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*

*ਨਾਹਿ ਮੋ ਸਿਉ ਗਰੀਬ ਕਰੋਰ ਪਰੇ।*

ਸੰਗਤ ਅਤੇ ਲੋਕ ਸਾਡੇ ਨਾਲ ਹਨ ਤਦ ਸਾਡਾ ਸਤਿਕਾਰ ਹੈ। ਵਰਨਾ ਕਿਸੇ ਜੀਵ ਨੂੰ ਮਾਣ, ਸਤਿਕਾਰ, ਮਿਲ ਜਾਵੇ ਤਦ ਉਹ ਸੋਚਦਾ ਹੈ ਕਿ ਮੈਨੂੰ ਕਿਸੇ ਦੀ ਕੀ ਲੋੜ ਹੈ। ਸੱਚਾ ਦਰਬਾਰ ਉਹ ਹੈ ਜਿੱਥੇ ਸਾਧੂ ਦੂਸਰਿਆਂ ਨੂੰ ਨਮਸਕਾਰ ਕਰਦੇ ਹਨ। ਐਸਾ ਕਰਨ ਨਾਲ ਸਾਡੇ ਸਤਿਕਾਰ ਵਿੱਚ ਕੋਈ ਕਮੀ ਨਹੀਂ ਆਉਂਦੀ ਕਿਉਂਕਿ

*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*

*ਜੋ ਵੀ ਨਿਉਂਦਾ ਹੈ ਉਹ ਆਪਣੇ ਲਈ ਨਿਉਂਦਾ ਹੈ।*

*ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥*

*(ਅੰਗ 470)*

ਤੱਕੜੀ ਦੇ ਛਾਬੇ ਨੂੰ ਦੇਖ ਲਉ ਭਾਰਾ ਹੀ ਨੀਵਾਂ ਹੋਵੇਗਾ, ਹਲਕਾ ਉੱਪਰ ਉੱਠ ਜਾਵੇਗਾ। ਅਗਰ ਤੁਸੀਂ ਕਿਸੇ ਨੂੰ ਸਤਿਕਾਰ ਦਿੰਦੇ ਹੋ, ਕਿਸੇ ਅੱਗੇ ਝੁਕਦੇ ਹੋ, ਤੁਹਾਨੂੰ ਉਸ ਤੋਂ ਕਈ ਗੁਣਾ

ਵੱਧ ਸਤਿਕਾਰ ਮਿਲੇਗਾ। ਕਿਤੇ ਵੀ ਸਤਿਕਾਰ ਕਰਕੇ ਦੇਖੋ। ਪਰਿਵਾਰਿਕ ਤੋਰ ਤੇ ਪਤਨੀ ਪਤੀ ਨੂੰ ਸਤਿਕਾਰ ਦੇ ਕੇ, ਪਤੀ ਪਤਨੀ ਨੂੰ ਦੇ ਕੇ ਦੇਖੇ, ਪੁੱਤਰ ਪਿਉ ਨੂੰ, ਪਿਉ ਪੁੱਤਰ ਨੂੰ ਸਤਿਕਾਰ ਦੇ ਕੇ ਦੇਖੇ ਇਹ ਤਰੀਕੇ ਹਨ ਇਹ ਜੁਗਤੀਆਂ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਮਾਲਿਕ ਦੀ ਕਿਰਪਾ ਹੋਵੇ ਫੇਰ ਜੀਵ ਨੂੰ ਇਹ ਪਤਾ ਚਲਦਾ ਹੈ। ਦਰਬਾਰ ਸਾਧੂਆਂ ਦੇ ਦਰਬਾਰ ਨੂੰ ਕਿਹਾ ਗਿਆ ਹੈ ਕਿਉਂਕਿ ਦੂਜੇ ਦਰਬਾਰਾਂ ਵਿੱਚ ਬਾਦਸ਼ਾਹਾਂ ਨੂੰ ਸਿਜਦੇ ਕੀਤੇ ਜਾਂਦੇ ਹਨ ਪਰ ਸਾਧੂਆਂ ਦੇ ਦਰਬਾਰ ਵਿੱਚ ਸੰਗਤ ਨੂੰ ਵੀ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ।

*ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੇਂ ਹਉ ਕਰੂੰ ਨਿਵਾਸ॥*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਇਸ ਕਰਕੇ ਸ਼ਬਦ ਉਚਾਰਨ ਕੀਤਾ ਸੀ ਕਿ ਇਹ ਮੇਰਾ ਰੂਪ ਹਨ ਮੈਂ ਇਹਨਾਂ ਵਿੱਚ ਬੈਠਾ ਹਾਂ। ਅਗਰ ਉਹਨਾਂ ਨੇ ਆਪਣੇ ਆਪ ਨੂੰ ਕੁਝ ਨਹੀਂ ਸਮਝਇਆ ਤਦ ਉਹ ਦੁਨੀਆ ਵਿੱਚ ਸਤਿਕਾਰੇ ਗਏ। ਉਹਨਾਂ ਨੇ ਲੋਕਾਂ ਲਈ, ਸਮਾਜ ਲਈ, ਪੂਰੀ ਦੁਨੀਆਂ ਲਈ ਬਲੀਦਾਨ ਦਿੱਤਾ। ਅੱਜ ਤੱਕ ਅਤੇ ਰਹਿੰਦੀ ਦੁਨੀਆਂ ਤੱਕ ਉਹ ਸਦਾ ਹੀ ਪੂਜੇ ਜਾਣਗੇ।

**ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ॥**

ਪਹਿਲਾਂ ਪਹਿਲਵਾਨਾਂ ਦੀ ਫੇਰੀ ਪੈਂਦੀ ਸੀ ਤਾਂ ਢੋਲ ਅਤੇ ਵਾਜਾ ਵੱਜਦਾ ਹੁੰਦਾ ਸੀ। ਦੁਨਿਆਵੀ ਤੌਰ ਤੇ ਵੀ ਜਦੋਂ ਵਿਆਹ ਸ਼ਾਦੀਆਂ ਹੁੰਦੀਆਂ ਸਨ, ਅਗਨੀ ਦੁਆਲੇ ਫੇਰੇ ਹੁੰਦੇ ਸੀ ਉਦੋਂ ਵੀ ਨਾਲ ਸਾਜ ਵੱਜਦੇ ਸੀ। ਜਦੋਂ ਤੱਕ ਬੈਂਡ ਵਾਜੇ ਨਹੀਂ ਵੱਜਦੇ ਉਦੋਂ ਤੱਕ ਪਤਾ ਨਹੀਂ ਚੱਲਦਾ ਕਿ ਫੌਜਾਂ ਜਿੱਤ ਰਹੀਆਂ ਹਨ ਜਾਂ ਨਹੀਂ। ਅਗਰ ਫੌਜਾਂ ਵੱਜਦੇ ਬੈਂਡ ਨਾਲ ਜਾਂਦੀਆਂ ਹਨ ਅਤੇ ਵੱਜਦੇ ਬੈਂਡ ਨਾਲ ਵਾਪਸ ਆਉਂਦੀਆਂ ਹਨ ਤਦ ਸਮਝੋ ਜਿੱਤ ਕੇ ਆਈਆਂ ਹਨ। ਵਾਜੇ ਖੁਸ਼ੀ ਦੀ ਨਿਸ਼ਾਨੀ ਹੁੰਦੇ ਹਨ।

**ਖਸਮਿ ਦੁਹਾਗਨਿ ਤਜਿ ਅਉਹੇਰੀ॥**

ਪਰ ਜਿਹੜੀ ਲੜਕੀ ਦੇ ਸਿਰ ਤੇ ਖਸਮ ਨਹੀਂ ਹੈ ਜਾਂ ਉਹ ਖਸਮ ਨੂੰ ਛੱਡ ਦਿੰਦੀ ਹੈ। ਉਸ ਨੂੰ ਕੋਈ ਮਾਣ ਸਤਿਕਾਰ ਨਹੀਂ ਮਿਲਦਾ। ਇਸੇ ਤਰ੍ਹਾਂ

*ਗੁਰ ਤੇ ਬੇਮੁਖ ਆਤਮਾ ਜੁਗ ਜੁਗ ਤਾ ਕਾ ਨਾਸ॥*

*ਮੂੰਹ ਕਾਲਾ ਪਗ ਨੀਲੇ ਕੇਵਲ ਨਰਕ ਨਿਵਾਸ॥*

*ਜੋ ਜੀਵ ਆਪਣੇ ਇਸ਼ਟ ਤੋਂ, ਗੁਰਬਾਣੀ ਤੋਂ ਬੇਮੁਖ ਹੁੰਦੇ ਹਨ ਉਹਨਾਂ ਨੂੰ ਕਿਤੇ ਢੋਈ ਨਹੀਂ ਮਿਲਦੀ।*

*ਸੰਤ ਦੋਖੀ ਕਾ ਥਾਉ ਕੋ ਨਾਹਿ॥ (ਅੰਗ 279)*

*ਤਥਾ*

*ਸੰਤ ਕਾ ਨਿੰਦਕੁ ਰਾਜ ਤੇ ਹੀਨੁ॥ (ਅੰਗ 280)*

ਉਸ ਦਾ ਸਭ ਕੁਝ ਜਾਂਦਾ ਰਹਿੰਦਾ ਹੈ।

**ਕਹੈ ਕਬੀਰੁ ਏਕੈ ਕਰਿ ਕਰਨਾ॥**

ਹਜ਼ੂਰ ਕਬੀਰ ਸਾਹਿਬ ਜੀ ਫ਼ੁਰਮਾਨ ਕਰ ਰਹੇ ਹਨ ਕਿ

*ਸੌ ਹੱਥ ਰੱਸਾ ਸਿਰੇ ਤੇ ਗੰਢ।*

ਅਸੀਂ ਤੁਹਾਨੂੰ ਇੱਕ ਜੁਗਤੀ ਦੱਸਦੇ ਹਾਂ, ਭੇਦ ਦੱਸਦੇ ਹਾਂ ਕਿ ਤੁਹਾਨੂੰ ਜਿੰਦਗੀ ਵਿੱਚ ਕੀ ਕਰਨਾ ਚਾਹੀਦਾ ਹੈ।

**ਗੁਰਮੁਖਿ ਹੋਇ ਬਹੁਰਿ ਨਹੀ ਮਰਨਾ॥੪॥**

ਤੁਸੀਂ ਸਾਡੀ ਸਿਹਤ ਠੀਕ ਹੋਣ ਲਈ, ਲੰਮੀ ਉਮਰ ਲਈ, ਸੰਸਥਾ ਦੇ ਹੋਰ ਵਧਣ ਫੁੱਲਣ ਲਈ ਅਰਦਾਸਾਂ ਕੀਤੀਆਂ ਹਨ। ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਨੂੰ ਅਰਦਾਸ ਇਹ ਕਰਨੀ ਚਾਹੀਦੀ ਹੈ ਕਿ ਹਜ਼ੂਰ ਇਹ ਗੁਰਮੁਖੀ ਜੀਵਨ ਜਿਉਣ, ਅੱਛੇ ਅਮਲ ਕਰਨ। ਕਿਉਂਕਿ ਇਨਸਾਨ ਦਾ ਕੋਈ ਵੀ ਪਤਾ ਨਹੀਂ ਹੈ ਕਿ ਕਦੋਂ ਇਸ ਕੋਲੋਂ ਭੁੱਲ ਹੋ ਜਾਵੇ। ਉਹ ਦੁਨੀਆਂ ਵਿੱਚ ਅੱਛੇ ਕਿਰਦਾਰ ਕਰਕੇ ਜਾਵੇ।

*ਜਬ ਹਮ ਆਏ ਜਗਤ ਮੇਂ ਜਗ ਹਸਾ ਹਮ ਰੋਇ।*

*ਐਸੀ ਕਰਨੀ ਕਰ ਚਲੋਂ ਹਮ ਹਸੇ ਜਗ ਰੋਇ॥*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੰਗਤ ਨੂੰ ਅਰਦਾਸ ਕਰਨੀ ਚਾਹੀਦੀ ਹੈ। ਇਹ ਠੀਕ ਹੈ ਜੇ ਅਸੀਂ ਨਹੀਂ ਹੋਵਾਂਗੇ ਤਦ ਹੋ ਸਕਦਾ ਹੈ ਕਿ ਤੁਹਾਨੂੰ ਠੇਸ ਪਹੁੰਚੇ। ਕਿਉਂਕਿ ਯਾਰਾਂ ਨਾਲ ਬਹਾਰਾਂ ਹੁੰਦੀਆਂ ਹਨ। ਸੰਸਥਾਵਾਂ ਸੰਤਾਂ ਨਾਲ ਹੁੰਦੀਆਂ ਹਨ। ਉਹ ਬਾਦ ਵਿੱਚ ਦਾਇਰੇ ਬਣ ਜਾਂਦੇ ਹਨ। ਵੱਖਰੀਆਂ-ਵੱਖਰੀਆਂ ਪਾਰਟੀਆਂ ਅਤੇ ਗਰੁਪ ਬਣ ਜਾਂਦੇ ਹਨ। ਜਿੰਨਾ ਮਜ਼ਾ ਅਤੇ ਪਿਆਰ ਆਪਣੇ ਸੰਤਾਂ ਦੇ ਦੇਹ ਵਿੱਚ ਹੁੰਦਿਆ ਮਿਲਦਾ ਹੈ ਓਨਾ ਬਾਦ ਵਿੱਚ ਨਹੀਂ ਮਿਲਦਾ। ਸਾਡੇ ਹਜ਼ੂਰ ਨਹੀਂ ਰਹੇ ਅਤੇ ਅਸੀਂ ਤਰਲੇ ਪਾਉਂਦੇ ਹਾਂ ਕਿ

*ਮੰਜਿਲ ਕਾ ਪਤਾ ਮਿਲੇ ਨਾ ਖਬਰ ਯਾਰ ਕੀ ਮਿਲੇ।*

*ਦੁਸ਼ਮਨ ਕੋ ਭੀ ਐਸੀ ਸਜ਼ਾ ਨਾ ਪਿਆਰ ਕੀ ਮਿਲੇ।*

*ਉਨਕੋ ਮਿਲੇ ਖੁਦਾ ਜਿਨਹੇਂ ਖੁਦਾਈ ਕੀ ਹੈ ਤਾਲਾਸ਼।*

*ਮੁਝਕੋ ਤੋ ਇੱਕ ਝਲਕ ਤੇਰੇ ਦੀਦਾਰ ਕੀ ਮਿਲੇ।*

*ਤਥਾ*

*ਪੰਜ ਵਕਤ ਨਮਾਜਾਂ ਪੜਦੇ ਸੀ*

*ਗਲ ਇਸ਼ਕ ਦੀ ਫਾਹੀ ਪਾ ਬੈਠੇ।*

*ਕੋਈ ਲੱਭਦੇ ਯਾਰ ਗੁਆਚਿਆ ਨੂੰ*

*ਅਸੀਂ ਲੱਭ ਕੇ ਯਾਰ ਗਵਾ ਬੈਠੇ।*

ਆਪਣੇ ਸਾਧੂਆਂ ਸੰਤਾਂ ਨੂੰ ਯਾਰ ਬਣਾ ਲਉ ਕਿਉਂਕਿ ਯਾਰ ਸ਼ਬਦ ਬਹੁਤ ਹੀ ਵਧੀਆ ਹੈ। ਹਜ਼ੂਰ ਦਸਵੇਂ ਪਾਤਿਸ਼ਾਹ

ਜੀ ਨੇ ਵੀ ਉਸ ਤਾਕਤ ਨੂੰ ਯਾਰ ਕਿਹਾ ਹੈ

*ਯਾਰੜੇ ਦਾ ਸਾਨੂੰ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।*

*ਤਥਾ*

*ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥*

*(ਅੰਗ 703)*

ਯਾਰ ਦਾ ਸ਼ਬਦ ਇਸ ਕਰਕੇ ਵਧੀਆ ਹੈ ਕਿਉਂਕਿ ਯਾਰ ਹੀ ਇਕ ਐਸਾ ਵਾਹਿਦ ਨਾਤਾ ਹੈ ਜੋ ਔਗੁਣ ਨਹੀਂ ਦੇਖਦਾ। ਯਾਰ ਇੱਕ ਐਸੀ ਵਾਹਿਦ ਸ਼ਕਤੀ ਹੈ ਜੋ ਜੀਵ ਦੇ ਔਗੁਣ ਨਹੀਂ ਦੇਖਦੀ। ਕਿਉਂਕਿ

ਯਾਰ ਕੀ ਤੇ ਹਿਸਾਬ ਕੀ।

ਸਾਧੂ ਸੱਚੇ ਯਾਰ ਹੁੰਦੇ ਹਨ। ਇਸ ਕਰਕੇ ਉਸ ਤਾਕਤ ਨੂੰ ਕਿਤੇ ਮਿੱਤਰ ਅਤੇ ਕਿਤੇ ਯਾਰ ਕਿਹਾ ਗਿਆ ਹੈ। ਸੋਈ ਤੁਸੀਂ ਸਾਡੇ ਯਾਰ, ਦੋਸਤ, ਮਿੱਤਰ, ਭਰਾ ਬਣ ਜਾਉ। ਜੋ ਵੀ ਨਾਤਾ ਚੰਗਾ ਲੱਗਦਾ ਹੈ ਉਹ ਮੰਨ ਲਉ। ਪਰ ਸਾਡੇ ਲਈ ਅਰਦਾਸਾਂ ਕਰੋ ਕਿ ਹਜ਼ੂਰ ਸਾਨੂੰ ਸੁਮੱਤ ਬਖਸ਼ਣ। ਜਦੋਂ ਤੱਕ ਸਾਡੇ ਸੁਆਸ ਹਨ ਇਸੇ ਤਰ੍ਹਾਂ ਯਸ਼ ਕਰਦੇ ਰਹੀਏ।

ਸਾਡੀ ਸਿਹਤ ਦੇ ਖਰਾਬ ਹੋਣ ਦਾ ਇਕੋ ਹੀ ਕਾਰਨ ਹੈ ਜੋ ਕਿ ਕੰਮ ਦਾ ਬੋਝ ਜਿਆਦਾ ਹੈ। ਤੁਸੀਂ ਵੀ ਸਾਨੂੰ ਰੋਜ਼ ਆ ਕੇ ਕਹਿੰਦੇ ਹੋ ਕਿ ਸਾਡੇ ਕੋਲੋਂ ਸਿਮਰਨ ਨਹੀਂ ਹੁੰਦਾ ਜਾਂ ਮੈਨੂੰ ਦਰਸ਼ਨ ਨਹੀਂ ਹੁੰਦੇ। ਇੰਝ ਕਰਨ ਨਾਲ ਕੇਵਲ ਸਾਡੀ ਸਿਹਤ ਹੀ ਖਰਾਬ ਹੁੰਦੀ ਹੈ। ਤੁਹਾਨੂੰ ਹੋਰ ਕੁਝ ਨਹੀਂ ਮਿਲਦਾ। ਅਸੀਂ ਕਹਿੰਦੇ ਹਾਂ ਕਿ ਤੁਸੀਂ ਸਿਮਰਨ ਕਰੋਗੇ ਤਦ ਤੁਹਾਡੇ ਕਾਰਜ ਠੀਕ ਹੋਣਗੇ। ਸਿਮਰਨ ਕਰੋ ਫੇਰ ਦਰਸ਼ਨ ਹੋਣਗੇ। ਬਾਕੀ ਸਾਧੂਆਂ ਕੋਲ ਜਾ ਕੇ ਦੇਖ ਲਉ ਉਹ ਸਤਿਸੰਗ ਤੋਂ ਬਿਨਾਂ ਕਿਸੇ ਨੂੰ ਬੁਲਾਉਂਦੇ ਜਾਂ ਮਿਲਦੇ ਨਹੀਂ ਹਨ। ਅਗਰ ਅਸੀਂ ਤੁਹਾਡੇ ਨਾਲ ਐਸਾ ਨਾਤਾ ਰੱਖਦੇ ਹਾਂ ਤਦ ਤੁਸੀਂ ਕੋਸ਼ਿਸ਼ ਕਰੋ ਕਿ ਸਾਨੂੰ ਘੱਟ ਤੋਂ ਘੱਟ ਰੁਝੇਵੇਂ ਵਿੱਚ ਰੱਖੋ। ਅਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਬ ਕਮੇਟਿਆਂ ਬਣਾ ਦਿੱਤੀਆਂ ਜਾਣ ਜੋ ਕਿ ਸੰਸਥਾਵਾਂ ਦਾ ਕੰਮ ਸੰਭਾਲਣ ਅਤੇ ਅਸੀਂ ਘੱਟ ਰੁਝੇਵੇਂ ਵਿੱਚ ਰਹੀਏ ਅਤੇ ਯਸ਼ ਬਹੁਤਾ ਕਰੀਏ। ਬਾਕੀ ਹਜ਼ੂਰ ਨੇ ਜਿੰਨੇ ਸੁਆਸ ਬਖਸ਼ੇ ਹਨ ਉਨੀ ਦੇਰ ਕੰਮ ਕਰਵਾਉਣੇ ਹਨ। ਇਹ ਠੀਕ ਹੈ ਕਿ ਤੁਸੀਂ ਅਰਦਾਸ ਕੀਤੀ ਹੈ ਪਰ ਅਸੀਂ ਕਹਿੰਦੇ ਹਾਂ ਕਿ ਤੁਸੀਂ ਇਹੋ ਅਰਦਾਸਾਂ ਕਰੋ ਕਿ

*ਵਧੇ ਫੂਲੇ ਰੰਗ ਮਾਣੇ ਸਈਓ ਨੀ*

*ਮੇਰੇ ਸਤਿਗੁਰ ਦੀ ਵਾੜੀ।*

ਇਹ ਸੰਗਤ ਇਹ ਵਾੜੀ ਵਧੇ ਫੂਲੇ ਅਤੇ ਖੁਸ਼ੀਆਂ ਖੇੜੇ ਮਾਣੇ। ਜਿਸ ਸ਼ੁਭ ਭਾਵ ਨੂੰ ਮੁੱਖ ਰੱਖ ਕੇ ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਨਾਲ ਸੰਬੰਧਿਤ ਬਿਹਾਰ, ਮੋਗਾ, ਭੋਗਪੁਰ, ਜੈਂਦਾ ਜਾਂ ਹੋਰ ਜਿਹੜੀ ਸੰਗਤ ਨੇ ਅਰਦਾਸ ਕੀਤੀ ਹੈ ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਕਬੂਲ ਕਰਨ। ਪਰ ਜੇ ਤੁਸੀਂ ਸਿਮਰਨ ਕਰੋਗੇ ਜਾਂ ਪਹਿਲਾਂ ਨਾਲੋਂ ਵੱਧ ਕਰੋਗੇ। ਫਿਰ ਸਾਡੀ ਸਿਹਤ ਜਰੂਰ ਠੀਕ ਰਹੇਗੀ।

ਤੁਸੀਂ ਅਰਦਾਸ ਕੀਤੀ ਹੈ ਕਿ ਸਾਡੀ ਲੰਮੀ ਉਮਰ ਹੋਵੇ। ਜੀਵ ਸੋਚਦਾ ਹੈ ਕਿ ਮੈਂ ਲੰਮੀ ਉਮਰ ਜੀਵਾਂ। ਪਰ ਅਸੀਂ ਸੋਚਦੇ ਹਾਂ ਕਿ

*ਜਿੰਦਗੀ ਪਿਆਰ ਕੀ ਦੋ ਚਾਰ ਘੜੀ ਹੋਤੀ ਹੈ।*

*ਚਾਹੇ ਥੋੜੀ ਭੀ ਹੋ ਉਮਰ ਬੜੀ ਹੋਤੀ ਹੈ।*

ਅਗਰ ਤੁਸੀਂ ਪਿਆਰ ਕਰੋਗੇ ਫੇਰ ਹਜ਼ੂਰ ਅਰਦਾਸਾਂ ਬਹੁਤ ਜਲਦੀ ਸੁਣਦੇ ਹਨ। ਐਸਾ ਕੋਈ ਵੀ ਕੰਮ ਨਾ ਕਰੋ ਜਿਸ ਨਾਲ ਸਾਨੂੰ ਖਿਝ ਆਵੇ। ਤੁਸੀਂ ਸਾਨੂੰ ਪਿਆਰ ਅਤੇ ਖੁਸ਼ੀ ਖੇੜੇ ਨਾਲ ਆ ਕੇ ਮਿਲੋ। ਅਗਰ ਕੋਈ ਮੁਸ਼ਕਲ ਆਉਂਦੀ ਹੈ ਤਦ ਵੀ ਸਹੀ ਢੰਗ ਨਾਲ ਆ ਕੇ ਮਿਲੋ। ਕਈ ਜੀਵ ਰੋ ਕੇ ਗੱਲ ਕਰਦੇ ਹਨ ਉਹ ਠੀਕ ਨਹੀਂ ਹੈ। ਕਿਉਂਕਿ ਉਸਦਾ ਵੀ ਸਾਡੇ ਉੱਪਰ ਮਾੜਾ ਅਸਰ ਪੈਂਦਾ ਹੈ। ਅਤੇ ਤੁਸੀਂ ਹੱਸ ਕੇ ਮਿਲੋਗੇ ਫੇਰ ਸਾਡਾ ਮਨ ਵੀ ਖੁਸ਼ ਰਹਿੰਦਾ ਹੈ। ਅਗਰ ਤੁਸੀਂ ਅਰਦਾਸ ਕੀਤੀ ਹੈ ਅਸੀਂ ਤੁਹਾਨੂੰ ਇੱਕ ਜੁਗਤੀ ਦੱਸ ਦਿੰਦੇ ਹਾਂ ਕਿ ਸਾਨੂੰ ਕਲਪਦੇ ਹੋਏ ਆ ਕੇ ਨਾ ਮਿਲਿਆ ਕਰੋ। ਜਦੋਂ ਸਾਨੂੰ ਆ ਕੇ ਮਿਲਦੇ ਹੋ ਉਦੋਂ ਸਿਮਰਨ ਕਰਦੇ ਆ ਕੇ ਮਿਲਿਆ ਕਰੋ। ਜੇਕਰ ਤੁਸੀਂ ਸਿਮਰਨ ਕਰਦੇ ਆਵੋਗੇ ਇੱਕ ਤਾਂ ਤੁਹਾਡਾ ਕੰਮ ਬਹੁਤ ਜਲਦੀ ਹੋਵੇਗਾ ਇੱਕ ਸਾਡਾ ਵੀ ਵਧੀਆ ਹੋਵੇਗਾ। ਕਿਉਂਕਿ ਜਦੋਂ ਅਸੀਂ ਕਲਪ ਜਾਂਦੇ ਹਾਂ ਉਦੋਂ ਜਿੰਦਗੀ, ਪਰਿਵਾਰ ਅਤੇ ਭਗਤੀ ਨਾਲੋਂ ਤਾਰ ਟੁੱਟ ਜਾਂਦੀ ਹੈ। ਸੋਈ ਸਿਮਰਨ ਵਿੱਚ ਬਹੁਤ ਸ਼ਕਤੀ ਹੈ। ਉਸ ਸ਼ਕਤੀ ਦੁਆਰਾ ਹੀ ਹਜ਼ੂਰ ਸਾਰੀਆਂ ਅਰਦਾਸਾਂ ਸੁਣਦੇ ਹਨ।

ਸੋਈ ਹਜ਼ੂਰ ਕਿਰਪਾ ਕਰਨ। ਸਭ ਦੀਆਂ ਅਰਦਾਸਾਂ ਕਬੂਲ ਕਰਨ। ਪਰਿਵਾਰਾਂ ਵਿੱਚ ਸੁੱਖ, ਸ਼ਾਂਤੀ, ਖੜੇ, ਇਤਿਫਾਕ ਬਖਸ਼ਦੇ ਹੋਏ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

# ਸਤਿਸੰਗ

**॥ ਆਸਾ ਮਹਲਾ ੪ ਛੰਤ ॥ (ਅੰਗ 448)**

**ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ**

**ਆਦਿ ਨਿਰੰਜਨੁ ਨਿਰੰਕਾਰੁ ਜੀਉ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਜੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਜਿਹਨਾਂ ਦਾ ਅਵਤਾਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ ਸੀ। ਬਚਪਨ ਵਿੱਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਕਾਰਨ ਆਪ ਨਾਨਕਿਆਂ ਦੇ ਘਰ ਬਾਸਰਕੇ ਵਿਖੇ ਆ ਗਏ ਸਨ। ਪਰ ਉਹਨਾਂ ਨੇ ਵੀ ਕੋਈ ਕੰਮ ਧੰਦਾ ਕਰਨ ਲਈ ਕਿਹਾ। ਉਦੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਸੇਵਾ ਚੱਲਦੀ ਸੀ। ਆਪ ਉੱਥੇ ਘੁੰਗਣੀਆਂ ਵੇਚਣ ਲਈ ਆਏ। ਪਰ ਉੱਥੇ ਸੰਗਤ ਅਤੇ ਪੰਗਤ ਦੀ ਰਸਮ ਹੋਣ ਕਾਰਨ ਘੁੰਗਣੀਆਂ ਨਹੀਂ ਵਿਕੀਆਂ, ਤਦ ਆਪ ਉੱਥੇ ਹੀ ਸੇਵਾ ਵਿੱਚ ਜੁੱਟ ਗਏ। ਆਪ ਜੀ ਨੇ ਉੱਥੇ ਹੀ ਸੇਵਾ ਪਦ, ਉੱਥੇ ਹੀ ਜਵਾਈ ਪਦ ਅਤੇ ਉੱਥੇ ਹੀ ਗੁਰਿਆਈ ਪਦ ਪ੍ਰਾਪਤ ਕੀਤਾ। ਹੁਣ ਹਜ਼ੂਰ ਚੌਥੇ ਪਾਤਿਸ਼ਾਹ ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ, ਅੱਲਾਹ, ਗਾਡ, ਰਾਮ ਨੂੰ ਸੰਬੋਧਨ ਕਰਦੇ ਹੋਏ ਸਾਨੂੰ ਸਿੱਖਿਆ ਦੇ ਰਹੇ ਹਨ, ਭੇਦ ਬਖਸ਼ ਰਹੇ ਹਨ ਕਿ ਮੇਰਾ ਗੋਬਿੰਦ ਸਭ ਤੋਂ ਵੱਡਾ ਹੈ।

*ਸਭ ਪਰ ਤੁਮਰੀ ਸਾਹਿਬੀ ਤੁਮ ਪਰ ਸਾਹਿਬ ਨਾਹੀ।*

ਉਹ ਸ੍ਰਿਸ਼ਟੀ ਦੀ ਰਚਨਹਾਰ ਤਾਕਤ ਸਭ ਤੋਂ ਵੱਡੀ ਹੈ। ਉਹ ਅਗੰਮ ਹੈ। ਉਸ ਦਾ ਕੋਈ ਭੇਦ ਨਹੀਂ ਪਾ ਸਕਿਆ। ਉਹ ਕਿਸੇ ਦੇ ਗੋਚਰੇ ਨਹੀਂ ਹਨ। ਇਨਸਾਨ ਚਾਹੇ ਕੋਈ ਸਿਆਸੀ ਹੈ, ਧਾਰਮਿਕ ਹੈ ਚਾਹੇ ਕੋਈ ਹੋਰ ਹੈ ਉਹ ਕਿਸੇ ਨ ਕਿਸੇ ਗੋਚਰਾ ਹੁੰਦਾ ਹੈ। ਉਹ ਤਾਕਤ ਆਦਿ ਤੋਂ ਲੈ ਕੇ ਨਿਰਾਕਾਰ ਹੈ। ਉਸ ਨੂੰ ਨਿਰੰਜਨ, ਭਗਵਾਨ, ਵਾਹਿਗੁਰੂ, ਮਾਧੋ, ਰਮਈਆ, ਗੁਸਈਆ, ਲਾਲ, ਸਤਿਨਾਮੁ, ਸੁਆਮੀ ਕੁੱਛ ਵੀ ਕਹਿ ਲਵੋ। ਉਹ ਅਕਾਰ ਤੋਂ ਮੁਕਤ ਹੈ। ਉਹ ਤਾਕਤ ਜੰਮਦੀ ਮਰਦੀ ਨਹੀਂ ਹੈ। ਖੁਸ਼ਬੂ ਵੀ ਅਕਾਰ ਵਿੱਚ ਨਹੀਂ ਆਉਂਦੀਂ। ਖੁਸ਼ਬੂ ਫੁਲਾਂ ਵਿੱਚ ਹੁੰਦੀ ਹੈ।

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ॥੧॥ (ਅੰਗ 684)*

ਉਸ ਤਾਕਤ ਦੀ ਸਿਮਰਨ ਦੁਆਰਾ ਅੰਦਰੋਂ ਹੀ ਖੋਜ ਕੀਤੀ ਜਾ ਸਕਦੀ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਹਨ ਕਿ ਅਕਾਲ ਪੁਰਖ, ਧੁਰ ਕੀ ਬਾਣੀ ਐਸੀ ਤਾਕਤ ਹੈ ਜੋ ਕਿਸੇ ਦੀ ਗੋਚਰੀ ਨਹੀਂ ਹੈ। ਜਿਸਦਾ ਕੋਈ ਭੇਦ ਨਹੀਂ ਪਾ ਸਕਿਆ ਅਤੇ ਅਕਾਰ ਤੋਂ ਮੁਕਤ ਹੈ।

*ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥*
*(ਅੰਗ 283)*

**ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ**

**ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥**

ਉਸ ਤਾਕਤ ਦਾ ਭੇਦ ਜਾਂ ਪਾਰਾਵਾਰ ਅਜੇ ਤੱਕ ਕੋਈ ਨਹੀਂ ਪਾ ਸਕਿਆ। ਉਹ ਤਾਕਤ ਕਥਨੀਂ ਵਿੱਚ ਹੀ ਨਹੀਂ ਆ ਸਕਦੀ। ਬਹੁਤ ਸਾਰੇ ਲੋਕਾਂ ਨੇ ਰਿਸ਼ੀਆਂ, ਮੁਨੀਆ, ਪੀਰ, ਪੈਗੰਬਰਾਂ ਨੇ, ਸ਼ੇਸ਼ਨਾਗ ਨੇ ਹਜ਼ਾਰਾ ਫੰਨਾਂ ਦੇ ਨਾਲ ਉਸਦੀ ਅਰਾਧਨਾ ਕੀਤੀ, ਵਸ਼ਿਸ਼ਟ ਮੁਨੀ ਜੀ ਨੇ ਅਠਾਸੀ ਹਜਾਰ ਸਾਲ ਤਪੱਸਿਆ ਕੀਤੀ। ਬਿਆਸ ਰਿਸ਼ੀ ਜੀ ਨੇ ਅੱਸੀ ਹਜਾਰ ਸਾਲ ਤਪੱਸਿਆ ਕੀਤੀ। ਅਗਸਤ ਰਿਸ਼ੀ ਜੀ ਨੇ ਸੱਠ ਹਜ਼ਾਰ ਸਾਲ ਤਪੱਸਿਆ ਕੀਤੀ। ਸ੍ਰਿੰਗੀ ਰਿਸ਼ੀ ਨੇ ਛੱਤੀ ਹਜ਼ਾਰ ਸਾਲ ਤਪੱਸਿਆ ਕੀਤੀ। ਸਭ ਤੋਂ ਜਿਆਦਾ ਤਪੱਸਿਆ ਮਾਰਕੰਡਾ ਰਿਸ਼ੀ ਜੀ ਨੇ ਕੀਤੀ ਜਿਸ ਨੂੰ ਆਪਣੀ ਉਮਰ ਦਾ ਹੀ ਭੇਦ ਨਹੀਂ ਸੀ। ਪਰ ਫੇਰ ਵੀ ਉਸ ਤਾਕਤ ਦੀ ਕੋਈ ਉਸਤਿਤ ਨਹੀਂ ਕਰ ਸਕਿਆ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹ ਤਾਕਤ ਬਹੁਤ ਉੱਚੀ ਸੁੱਚੀ ਹੈ। ਉਸ ਦੀ ਅਜੇ ਤੱਕ ਕੋਈ ਉਪਮਾ ਵੀ ਨਹੀਂ ਕਰ ਸਕਿਆ। ਉਹ ਤਾਕਤ ਗਿਣਤੀ ਮਿਣਤੀ ਵਿੱਚ ਨਹੀਂ ਆਉਂਦੀ। ਉਸ ਦਾ ਕੋਈ ਪਾਰਾਵਾਰ ਵੀ ਨਹੀਂ ਪਾ ਸਕਿਆ। ਜਿਸ ਤਰ੍ਹਾਂ ਕੋਈ ਡੱਡੂ ਖੂਹ ਵਿੱਚ ਛਲਾਂਗ ਲਗਾ ਕੇ ਕਹੇ ਕਿ ਸਮੁੰਦਰ ਐਡਾ ਹੈ? ਉਹ ਕਹਿਣ ਨਹੀਂ ਹੋਰ ਵੱਡਾ ਹੈ। ਉਹ ਫੇਰ ਛਲਾਂਗ ਲਗਾ ਕੇ ਪੁੱਛੇ ਕੀ ਫੇਰ ਐਡਾ ਵੱਡਾ ਹੋਣਾ ਹੈ? ਉਹ ਕਹਿਣ ਲੱਗੇ ਨਹੀਂ ਇਸ ਤੋਂ ਵੀ ਵੱਡਾ ਹੈ। ਖੂਹ ਜਿਆਦਾ ਤੋਂ ਜਿਆਦਾ 15 ਜਾਂ 20 ਫੁੱਟ ਚੌੜਾ ਹੋਵੇਗਾ। ਉਹ ਪੂਰੇ ਜ਼ੋਰ ਦੀ ਛਲਾਂਗ ਲਗਾ ਕੇ ਕਹਿਣ ਲੱਗਾ ਕਿਉਂ ਝੂਠ ਬੋਲਦੇ ਹੋ ਇਸ ਤੋਂ ਵੱਡਾ ਸਮੁੰਦਰ ਹੋ ਹੀ ਨਹੀਂ ਸਕਦਾ। ਕਿਉਂਕਿ ਉਸ ਨੂੰ ਪਤਾ ਹੀ ਨਹੀਂ ਸੀ ਕਿ ਇਸ ਤੋਂ ਵੱਡਾ ਸਮੁੰਦਰ, ਨਦੀਆਂ ਜਾਂ ਨਾਲੇ ਹੁੰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹ ਤਾਕਤ ਐਨੀ, ਅਗੰਮ, ਅਥਾਹ ਹੈ ਉਸ ਦਾ ਕੋਈ ਵੀ ਭੇਦ ਨਹੀਂ ਪਾ ਸਕਿਆ।

**ਗੋਵਿੰਦੁ ਅਲਖ ਅਪਾਰ ਅਪਰੰਪਰੁ**

**ਆਪੁ ਆਪਣਾ ਜਾਣੈ ॥**

ਉਹ ਹਜ਼ੂਰ ਜਿਸ ਉੱਪਰ ਕਿਰਪਾ ਕਰਨਗੇ ਉਸ ਨੂੰ ਆਪਣਾ ਭੇਦ ਬਖਸ਼ ਦੇਣਗੇ ਕਿਉਂਕਿ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਮਹਿਤਾ ਕਲਿਆਣ ਚੰਦ ਜੀ, ਜਿਹਨਾਂ ਨੂੰ ਮਹਿਤਾ ਕਾਲੂ ਕਿਹਾ ਜਾਂਦਾ ਹੈ, ਨੇ ਥੋੜੇ ਜਿਹੇ ਪੈਸੇ ਦਿੱਤੇ ਅਤੇ ਕਿਹਾ ਕਿ ਕੋਈ ਖਰਾ ਸੌਦਾ ਕਰਕੇ ਆਉ। ਹਜ਼ੂਰ ਨੇ ਸਾਧੂਆਂ ਦੀ ਮੰਡਲੀ ਨੂੰ ਫੁਲਕਾ ਛਕਾ ਦਿੱਤਾ ਤਾਂ ਪਿਤਾ ਨੇ ਉਹਨਾਂ ਦੀ ਪਿਟਾਈਂ ਕੀਤੀ। ਤਦ ਬੇਬੇ ਨਾਨਕੀ ਜੋ ਹਜ਼ੂਰ ਦੀ ਭੈਣ ਸੀ ਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਤੂੰ ਕੁੱਝ ਕੋਡੀਆਂ ਪਿੱਛੇ ਮੇਰੇ ਵੀਰ ਨੂੰ ਚਪੇੜਾ ਕਿਉਂ ਮਾਰੀਆਂ ਹਨ? ਪਰ ਜੇਕਰ ਮਹਿਤਾ ਕਲਿਆਣ ਚੰਦ ਜੀ ਨੂੰ ਉਸ ਵਕਤ ਪਤਾ ਹੁੰਦਾ ਕਿ ਮੇਰਾ ਪੁੱਤਰ ਪੂਰਨ ਤਾਕਤ ਹੈ ਤਾਂ ਕੀ ਉਹ ਐਨੇ ਕੁ ਪੈਸਿਆਂ ਪਿੱਛੇ ਆਪਣੇ ਪੁੱਤਰ ਨੂੰ ਮਾਰਦੇ? ਅਸੀਂ ਵੀ ਬਚਪਨ ਵਿੱਚ ਆਪਣੇ ਪਿਤਾ ਕੋਲੋਂ ਐਨੀ ਕੁੱਟ ਖਾਧੀ ਪਰ ਇਹ ਉਸ ਸਮੇਂ ਦੀ ਗੱਲ ਹੈ। ਅੱਜਕੱਲ ਤਾਂ ਬੱਚੇ ਕਹਿੰਦੇ ਹਨ ਕਿ ਤੁਸੀਂ ਸਾਨੂੰ ਕੁੱਟ ਦੇ ਕਿੱਥੇ ਜਾਵੋਗੇ। ਪਰ ਉਸ ਵਕਤ ਐਨੀਆਂ ਵੱਡੀਆਂ ਤਾਕਤਾਂ ਨੂੰ ਵੀ ਕਿਸੇ ਨੇ ਨਹੀਂ ਬਖਸ਼ਿਆ। ਹਜ਼ੂਰ ਚੋਥੇ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਹਨ ਕਿ ਸਾਧੂਆਂ ਦੀ ਸੰਗਤ ਕਰਦਿਆਂ ਵੀ ਤੁਹਾਨੂੰ ਪਤਾ ਨਹੀਂ ਲੱਗ ਸਕਦਾ ਕਿ ਸਾਧੂ ਕਿੰਨੇ ਸਮਰੱਥ ਹਨ। ਉਸ ਵੇਲੇ ਉਹਨਾਂ ਦੇ ਮਾਤਾ-ਪਿਤਾ ਨੂੰ ਵੀ ਪਤਾ ਨਹੀਂ ਲੱਗਾ ਸੀ। ਸਿਰਫ਼ ਬੇਬੇ ਨਾਨਕੀ ਜੀ ਅਤੇ ਰਾਇ ਬੁਲਾਰ ਨੂੰ ਹੀ ਪਤਾ ਲੱਗਾ ਸੀ। ਜਾਂ ਹਜ਼ੂਰ ਨੇ ਆਪ ਭਾਈ ਲਹਿਣਾ ਜੀ ਉੱਪਰ ਬਖਸ਼ਿਸ਼ ਕਰਕੇ ਉਹਨਾਂ ਨੂੰ ਭੇਦ ਬਖਸ਼ਿਆ। ਪਰ ਕੋਈ ਜੀਵ ਆਪ ਭੇਦ ਨਹੀਂ ਜਾਣ ਸਕਿਆ।

**ਕਿਆ ਇਹ ਜੰਤ ਵਿਚਾਰੇ ਕਹੀਅਹਿ**

**ਜੋ ਤੁਧੁ ਆਖਿ ਵਖਾਣੈ॥**

ਸੰਤਾਂ ਦੇ ਗੁਣਾਂ ਦੀ ਕੋਈ ਵਿਆਖਿਆ ਵੀ ਨਹੀਂ ਕਰ ਸਕਦਾ ਭੇਦ ਪਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ।

*ਕਰਨ ਚਾਹੁ ਰਘੁਪਤੀ ਗੁਨ ਗਾਹਾ।*

*ਲਘੁਮਤੀ ਮੋਰ ਚਰਿਤ ਅਸਗਾਹਾ।*

ਜੀਵ ਉਹਨਾਂ ਦੀ ਸੋਭਾ ਵੀ ਨਹੀਂ ਕਰ ਸਕਦੇ।

**ਜਿਸ ਨੋ ਨਦਰਿ ਕਰਹਿ ਤੂੰ ਆਪਣੀ**

**ਸੋ ਗੁਰਮੁਖਿ ਕਰੇ ਵੀਚਾਰੁ ਜੀਉ॥**

ਕੋਈ ਵੀ ਜੀਵ ਨਾ ਆਪ ਕਥਾ ਕਰ ਸਕਦਾ ਹੈ, ਨਾ ਹੀ ਗੁਰਬਾਣੀ ਉੱਪਰ ਵਿਚਾਰ ਕਰ ਸਕਦਾ ਹੈ। ਜਿਸ ਉੱਪਰ ਹਜ਼ੂਰ ਕਿਰਪਾ ਕਰਨਗੇ ਉਹੋ ਹੀਂ ਵਿਚਾਰ ਕਰ ਸਕੇਗਾ। ਅਸੀਂ ਬਾਰ-ਬਾਰ ਕਹਿੰਦੇ ਹਾਂ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ ਬਣ ਕੇ ਨਹੀਂ ਬਲਕਿ ਗੁਰਬਾਣੀ ਦੇ ਕੂਕਰ, ਮਰਾਸੀ ਬਣ ਕੇ ਮਾਲਿਕ ਦਾ ਯਸ਼ ਕਰਦੇ ਹਾਂ। ਇਹ ਅਸੀਂ ਇਸ ਕਰਕੇ ਕਹਿੰਦੇ ਹਾਂ ਕਿਉਂਕਿ ਅਸੀਂ ਆਪ ਯਸ਼ ਨਹੀਂ ਕਰ ਰਹੇ। ਹਜ਼ੂਰ ਹੀ ਯਸ਼ ਕਰਵਾ ਰਹੇ ਹਨ। ਅਸੀਂ ਤੁਹਾਨੂੰ ਕਈ ਵਾਰ ਦੱਸਿਆ ਹੈ ਕਿ ਜਦੋਂ ਅਸੀਂ ਟੀ.ਵੀ ਉੱਪਰ ਸਤਿਸੰਗ ਕਰਦੇ ਸਮੇਂ ਦਾ ਆਪਣਾ ਬੋਲਿਆ ਹੀ ਸੁਣਦੇ ਹਾਂ ਤਦ ਸਾਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਇਹ ਸਭ ਕੁੱਛ ਅਸੀਂ ਕਿੱਦਾਂ ਬੋਲਦੇ ਹਾਂ। ਸੋਈ ਜਿਸ ਕੋਲੋਂ ਵੀ ਹਜ਼ੂਰ ਵਿਚਾਰ ਕਰਵਾਉਂਦੇ ਹਨ ਆਪ ਹੀ ਕਿਰਪਾ ਕਰਕੇ ਕਰਵਾਉਂਦੇ ਹਨ ਕਿਉਂਕਿ

*ਜੈਸੀ ਮੈ ਆਵੈ ਖਸਮ ਕੀ ਬਾਣੀ*

*ਤੈਸੜਾ ਕਰੀ ਗਿਆਨੁ ਵੇ ਲਾਲੋ॥ (ਅੰਗ 722)*

ਇਸ ਬਾਣੀ ਦੀ ਜਿਹਨਾਂ ਨੇ ਰਚਨਾ ਕੀਤੀ ਹੈ ਉਹਨਾਂ ਨੇ ਵੀ ਕਿਹਾ ਹੈ ਕਿ ਹਜ਼ੂਰ ਸਾਨੂੰ ਜੋ ਭੇਦ ਬਖਸ਼ ਰਹੇ ਹਨ ਅਸੀਂ ਉਹੋ ਹੀ ਰਚਨਾ ਕਰਵਾ ਕਰੇ ਹਾਂ। ਸੋਈ

ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ (ਅੰਗ 292)

ਜਿਸ ਤਰ੍ਹਾਂ ਹਜ਼ੂਰ ਸਾਡੇ ਕੋਲੋਂ ਬੁਲਵਾਉਂਦੇ ਹਨ ਅਸੀਂ ਉਸੇ ਤਰ੍ਹਾਂ ਬੋਲਦੇ ਹਾਂ। ਫੇਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਅਸੀਂ ਕਥਾ ਕਰਾਂਗੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹੋ ਹੀ ਜੀਵ ਗੁਰਬਾਣੀ ਉੱਪਰ ਵਿਚਾਰ ਕਰੇਗਾ ਜਿਸ ਉੱਪਰ ਹਜ਼ੂਰ ਕਿਰਪਾ ਕਰਨਗੇ।

**ਵਡਾ ਮੇਰਾ ਗੋਵਿੰਦੁ ਅਗਮ ਅਗੋਚਰ**

**ਆਦਿ ਨਿਰੰਜਨੁ ਨਿਰੰਕਾਰੁ ਜੀਉ॥੧॥**

ਪਰ ਉਹ ਐਡੀ ਵੱਡੀ ਸ਼ਕਤੀ ਹੈ ਉਸ ਦਾ ਰਾਜ ਕਦੇ ਨਹੀਂ ਪਲਟਦਾ। ਉਹ

*ਆਦਿ ਸਚੁ ਜੁਗਾਦਿ ਸਚੁ॥*

*ਹੀ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਅੰਗ 1)*

ਜਦੋਂ ਤੋਂ ਦੁਨੀਆਂ ਦੀ ਰਚਨਾ ਹੋਈ ਹੈ ਇਕੋ ਹੀ ਤਾਕਤ ਚਲੀ ਆ ਰਹੀ ਹੈ। ਉਹ ਬਦਲਦੀ ਨਹੀਂ ਹੈ। ਸੰਸਾਰ ਵਿਚ ਅੱਜ ਕੋਈ ਮਨਿਸਟਰ, ਚੀਫ਼ ਮਨਿਸਟਰ, ਪ੍ਰਾਈਮ ਮਨਿਸਟਰ ਜਾਂ ਅਫਸਰ ਹੈ ਕੱਲ ਨੂੰ ਨਹੀਂ ਹੋਵੇਗਾ। ਅੱਜ ਕੋਈ ਲੀਡਰ, ਰਿਸ਼ੀ-ਮੁਨੀ, ਪੀਰ, ਪੈਗੰਬਰ ਹੈ ਕੱਲ ਨੂੰ ਨਹੀਂ ਹੋਵੇਗਾ। ਸਾਰੇ ਆਏ ਅਤੇ ਦੇਹ ਛੱਡ ਕੇ ਚਲੇ ਗਏ। ਪਰ ਉਹ ਤਾਕਤ

ਆਦਿ ਅੰਤ ਏਕੋ ਅਵਤਾਰਾ॥

ਸੋਈ ਗੁਰੂ ਸਮਝਿਉ ਹਮਾਰਾ

ਸਾਡੇ ਗੁਰੂ ਉਹ ਹਨ ਜੋ ਆਦਿ ਤੋਂ ਲੈ ਕੇ ਇੱਕ ਹੀ ਚਲੇ ਆ ਰਹੇ ਹਨ।

# ਸਤਿਸੰਗ

**ਸਲੋਕ ਮ: ੩॥ (ਅੰਗ 512)**

**ਗੁਰਮੁਖਿ ਧਿਆਨ ਸਹਜ ਧੁਨਿ ਉਪਜੈ**

**ਸਚਿ ਨਾਮਿ ਚਿਤੁ ਲਾਇਆ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਫ਼ੁਰਮਾਨ ਕਰ ਰਹੇ ਹਨ ਕਿ ਜੋ ਜੀਵ ਗੁਰਬਾਣੀ ਅਨੁਸਾਰ ਚੱਲਦੇ ਹਨ ਉਹ ਗੁਰਮੁਖ ਹੁੰਦੇ ਹਨ ਅਤੇ ਜੋ ਮਨ ਦੇ ਕਹੇ ਚੱਲਦੇ ਹਨ ਉਹ ਮਨਮੁਖ ਹੁੰਦੇ ਹਨ। ਜੋ ਗੁਰੂ ਦੇ ਵੱਲ ਪਿੱਠ ਨਹੀਂ ਕਰਦੇ ਆਪਣਾ ਚਿਹਰਾ ਗੁਰੂ ਵੱਲ ਰੱਖਦੇ ਹਨ ਉਹ ਗੁਰਮੁਖ ਹਨ। ਜਿੱਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਉੱਧਰ ਸਾਡੀ ਪਿੱਠ ਨਹੀਂ ਹੋਣੀ ਚਾਹੀਦੀ। ਆਪਾ ਸਾਰੇ ਹੀ ਕਹਿ ਦਿੰਦੇ ਹਾਂ ਕਿ ਗੁਰਬਾਣੀ ਵੱਲ ਨੂੰ ਮੂੰਹ ਕਰਕੇ ਬੈਠੋ। ਇੱਕ ਤਾਂ ਸਰੀਰਕ ਤੌਰ ਤੇ ਪਿੱਠ ਨਹੀਂ ਹੋਣੀ ਚਾਹੀਦੀ ਹੈ ਦੂਸਰਾ ਸਾਡਾ ਮਨ, ਸਾਡਾ ਧਿਆਨ, ਸਾਡੀ ਲਗਨ ਗੁਰੂ ਵੱਲ ਹੋਣੀ ਚਾਹੀਦੀ ਹੈ। ਐਸਾ ਨਾ ਹੋਵੇ ਕਿ ਅਸੀਂ ਗੁਰੂ ਵੱਲ ਪਿੱਠ ਕਰਕੇ ਕਬਰਾਂ ਅਤੇ ਸਮਾਧਾਂ ਨੂੰ ਪੂਜਣ ਲੱਗ ਜਾਈਏ। ਇਸ ਕਰਕੇ ਕਿਹਾ ਜਾਂਦਾ ਹੈ ਕਿ ਗੁਰੂ ਵੱਲ ਮੁੱਖ ਰੱਖਣਾ ਹੈ। ਗੁਰੂ ਵੱਲ ਆਪਣਾ ਮੁੱਖ, ਧਿਆਨ, ਖਿਆਲ, ਟੇਕ ਰੱਖਣੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਗੁਰਮੁਖ ਹਨ ਉਹ ਜਦੋਂ ਸਹਿਜ ਅਵਸਥਾ ਵਿੱਚ ਧਿਆਨ ਲਾ ਕੇ ਸਿਮਰਨ ਕਰਦੇ ਹਨ (ਐਸਾ ਨਹੀਂ ਕਿ ਆਪ ਨੇ ਜਿੱਦ ਕਰਕੇ ਬੈਠਣਾ ਹੈ ਕਿ ਸਾਨੂੰ ਦਰਸ਼ਨ ਜਰੂਰ ਹੋਣ) ਪਹਿਲੀ ਬਖਸ਼ਿਸ਼ ਇਹ ਹੁੰਦੀ ਹੈ ਕਿ ਉਸ ਨੂੰ ਅੰਦਰ ਧੁਨ ਸੁਣਾਈ ਦੇਣ ਲੱਗ ਪੈਂਦੀ ਹੈ। ਜਦੋਂ ਤੁਸੀਂ ਗੁਰਮੁਖ ਦੀ ਰਹਿਣੀ ਰਹਿ ਕੇ ਆਪਣੇ ਗੁਰੂ ਵੱਲ ਧਿਆਨ ਕਰਕੇ ਸਿਮਰਨ ਕਰੋਗੇ ਫੇਰ ਅੰਦਰ ਧੁਨ ਖੜਕੇਗੀ, ਬਖਸ਼ਿਸ਼ ਹੋਵੇਗੀ। ਕਿਉਂਕਿ ਪਾਠ ਕਰਨ ਜਾਂ ਸਿਮਰਨ ਕਰਨ ਤੋਂ ਉੱਤਮ ਗਤੀ ਧਿਆਉਣਾ ਹੈ। ਜਦੋਂ ਅਸੀਂ ਖਿਆਲ ਵਿੱਚ ਆਪਣੇ ਇਸ਼ਟ ਦਾ ਧਿਆਨ ਰੱਖ ਕੇ ਸਿਮਰਨ ਕਰਦੇ ਹਾਂ ਫੇਰ ਉਹ ਧੁਨ ਅੰਦਰ ਆਉਂਦੀ ਹੈ। ਸਾਡਾ ਚਿੱਤ, ਖਿਆਲ, ਆਪਾਂ ਜਿਸ ਵੀ ਇਸ਼ਟ ਨੂੰ ਮੰਨਦੇ ਹਾਂ ਉਸ ਵੱਲ ਹੋਣਾ ਚਾਹੀਦਾ ਹੈ। ਹੁਣ ਇਸ ਵਿੱਚ ਇਹ ਨਾ ਸੋਚ ਲਇਉ ਕਿ ਅਸੀਂ ਸ਼ਹੀਦਾਂ ਨੂੰ ਮੰਨਦੇ ਹਾਂ ਜਾਂ ਅਸੀਂ ਕਬਰਾਂ ਨੂੰ ਮੰਨਦੇ ਹਾਂ। ਨਹੀਂ ਐਸਾ ਨਹੀਂ ਹੈ। ਇਹ ਭੇਦ ਅਸੀਂ ਸਿਰਫ਼ ਗੁਰਬਾਣੀ ਵਾਸਤੇ ਕਹਿ ਰਹੇ ਹਾਂ। ਜੋ ਜੀਵ ਗੁਰਬਾਣੀ ਵੱਲ ਤੁਰਦੇ ਹਨ ਜਾਂ ਚਿੱਤ ਲਾਉਂਦੇ ਹਨ ਉਹਨਾਂ ਦੇ ਅੰਦਰ ਧੁਨ ਸੁਣਾਈ ਦਿੰਦੀ ਹੈ। ਉਂਝ ਚਾਹੇ ਤੁਸੀਂ ਜਿੰਨਾ ਮਰਜ਼ੀ ਪਾਠ ਪੂਜਾ ਕਰੀ ਜਾਉ ਧੁਨ ਸੁਣਾਈ ਨਹੀਂ ਦੇਵੇਗੀ। ਧੁਨ ਕੇਵਲ ਉਸੇ ਨੂੰ ਸੁਣਾਈ ਦੇਵੇਗੀ ਜੋ ਗੁਰਬਾਣੀ ਨਾਲ ਚਿੱਤ ਲਾ ਕੇ ਸਿਮਰਨ ਕਰੇਗਾ।

**ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ**

**ਹਰਿ ਕਾ ਨਾਮੁ ਮਨਿ ਭਾਇਆ॥**

ਫੇਰ ਜੀਵ ਘੜੀ ਨਾ ਦੇਖੀ ਜਾਵੇ ਕਿ ਅੱਜ ਐਨੇ ਵਜੇ ਸਤਿਸੰਗ ਸ਼ੁਰੂ ਹੋਇਆ ਹੈ ਕਿੰਨੇ ਵਜੇ ਖਤਮ ਹੋਵੇਗਾ। ਉਸ ਨੂੰ ਸਤਿਸੰਗ ਅੱਛਾ ਲੱਗੇ, ਪਿਆਰਾ ਲੱਗੇ ਅਤੇ ਉਹ ਸੋਚੇ ਕਿ ਇਹ ਹਜ਼ੂਰ ਦੀ ਕਿਰਪਾ ਹੋ ਰਹੀ ਹੈ। ਇਸ ਤਰ੍ਹਾਂ ਦੀ ਆਵਾਜ ਸਾਨੂੰ ਸੁਣਦੀ ਰਹੇ। ਅਸੀਂ ਗੁਰਬਾਣੀ ਸੁਣਦੇ ਰਹੀਏ। ਉਸ ਨੂੰ ਚਿੱਤ ਲਾਉਣਾ ਕਹਿੰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਆਪਾਂ ਇੱਥੇ ਬੈਠੇ ਹਾਂ ਪਰ ਖਿਆਲ ਵਿੱਚ ਅਸੀਂ ਕਿਧਰੇ ਜਾਣ ਲਈ ਉਤਾਵਲੇ ਹਾਂ ਉਸ ਨਾਲ ਬਖਸ਼ਿਸ਼ ਨਹੀਂ ਹੁੰਦੀ। ਅਸੀਂ ਦੇਖਿਆ ਹੈ ਕਿ ਵਿਆਹ ਤੇ ਜਾਣ ਲਈ ਬੀਬੀਆਂ ਪੁਰਸ਼ ਤਿਆਰ ਹੋਣ ਵਾਸਤੇ ਬਹੁਤ ਸਮਾਂ ਲਾਉਂਦੇ ਹਨ। ਪਰ ਫੇਰਿਆਂ ਦੇ ਸਮੇਂ ਰਾਗੀਆਂ ਨੂੰ ਕਹਿਣਗੇ ਜੀ! ਇੱਕ ਸ਼ਬਦ ਘੱਟ ਹੀ ਪੜ੍ਹ ਲਉ ਕਿਉਂਕਿ ਗੁਰਬਾਣੀ ਸੁਣਨ ਸਮੇਂ ਆਪਾਂ ਸੰਕੋਚ ਕਰਦੇ ਹਾਂ। ਬਾਕੀ ਭੈਣ ਭਰਾਵਾਂ ਵਿੱਚ ਬੈਠ ਕੇ ਗੱਪਾਂ ਮਾਰਨ ਦਾ ਸਮਾਂ ਨਹੀਂ ਨੋਟ ਕਰਦੇ। ਬੀਬੀਆਂ ਇੱਥੇ ਆ ਕੇ ਕਹਿੰਦੀਆਂ ਹਨ ਕਿ ਮੇਰੇ ਸਿਰ ਪੀੜ ਹੁੰਦੀ ਹੈ, ਮੇਰੇ ਕੋਲੋਂ ਉੱਠਿਆਂ ਨਹੀਂ ਜਾਂਦਾ। ਪਰ ਪੇਕੇ ਜਾ ਕੇ ਸਾਰੀ ਰਾਤ ਜਾਗ ਕੇ ਗੱਲਾਂ ਕਰਦੀਆਂ ਰਹਿੰਦੀਆਂ ਹਨ। ਛੇ-ਛੇ ਦਿਨ ਪੇਕੇ ਰਹਿੰਦੀਆਂ ਹਨ ਪਰ ਸੌਂਦੀਆਂ ਨਹੀਂ ਹਨ। ਸਹੁਰੇ ਆ ਕੇ ਫੇਰ ਸਾਰੇ ਪਰਿਵਾਰ ਨੂੰ ਵਖਤ ਪਾਇਆ ਹੁੰਦਾ ਹੈ ਕਿ ਮੇਰੇ ਸਿਰ ਪੀੜ ਹੁੰਦੀ ਹੈ। ਕਿਉਂਕਿ ਉੱਥੇ ਪਿਆਰ ਹੁੰਦਾ ਹੈ, ਮਨ ਦੀ, ਦਿਲ ਦੀ ਸਾਂਝ ਹੁੰਦੀ ਹੈ, ਇਸ ਕਰਕੇ ਉੱਥੇ ਨਾ ਹੀ ਨੀਂਦ ਆਉਂਦੀ ਹੈ ਅਤੇ ਨਾ ਹੀ ਕੋਈ ਤਕਲੀਫ਼ ਹੁੰਦੀ ਹੈ। ਜਿਸ ਚੀਜ ਨੂੰ ਤੁਸੀਂ ਦਿਲੋਂ ਪਿਆਰ ਨਹੀਂ ਕਰਦੇ ਉੱਥੇ ਉਬਾਸੀਆਂ ਆਉਂਦੀਆਂ ਹਨ। ਜਦੋਂ ਤੁਸੀਂ ਚਿੱਤ ਲਾ ਕੇ ਕੰਮ ਕਰਦੇ ਹੋ ਉੱਥੇ ਤੁਹਾਨੂੰ ਆਲਸ ਨਹੀਂ ਪੈਂਦਾ। ਜਦੋਂ ਤੁਹਾਨੂੰ ਉਬਾਸੀਆਂ ਜਾਂ ਨੀਂਦ ਆਉਂਦੀ ਹੈ ਉਦੋਂ ਸਮਝੋ ਤੁਹਾਡਾ ਮਨ ਗੁਰਬਾਣੀ ਨੂੰ ਗ੍ਰਹਿਣ ਨਹੀਂ ਕਰ ਰਿਹਾ। ਮਨ ਚਾਹੁੰਦਾ ਨਹੀਂ ਹੈ ਕਿ ਮੈਂ ਗੁਰਬਾਣੀ ਸਰਵਣ ਕਰਾਂ। ਵਰਨਾ

*ਲੱਗੀ ਵਾਲੇ ਕਦੇ ਨਹੀਂ ਸੌਂਦੇ*

*ਤੇਰੀ ਕਿੱਦਾਂ ਅੱਖ ਲੱਗ ਗਈ।*

ਅਸੀਂ ਆਪਣੀ ਜ਼ਿੰਦਗੀ ਵਿੱਚ ਘਟਾ ਘਟਾ ਕੇ ਬੀਬੀਆਂ

ਨੂੰ, ਘਰਵਾਲੀ ਨੂੰ, ਧੀਆਂ ਨੂੰ, ਭੈਣਾਂ ਨੂੰ, ਨੂੰਹਾਂ ਨੂੰ ਸਾਰੀ ਰਾਤ ਗੱਲਾਂ ਕਰਦਿਆਂ ਦੇਖਿਆ ਹੈ। ਫੇਰ ਸੋਚਿਆ ਵੀ ਹੈ ਕਿ ਇਹ ਤਾਂ ਕਹਿੰਦੀ ਸੀ ਕਿ ਮੈਂ ਠੀਕ ਨਹੀਂ ਹਾਂ ਹੁਣ ਇਸ ਨੂੰ ਸਾਰੀ ਰਾਤ ਨੀਂਦ ਵੀ ਨਹੀਂ ਆਈ। ਪਰ ਉਥੇ ਪਿਆਰ ਅਤੇ ਮੋਹ ਦੀਆਂ ਤੰਦਾਂ ਜੁੜ ਜਾਂਦੀਆਂ ਹਨ। ਇਸ ਕਰਕੇ ਰਾਤ ਨੂੰ ਨੀਂਦ ਨਹੀਂ ਆਉਂਦੀ ਅਤੇ ਸਾਰੇ ਦੁੱਖ ਅਤੇ ਤਰਲੀਫ਼ਾਂ ਭੁੱਲ ਜਾਂਦੀਆਂ ਹਨ।

**ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ**

**ਗੁਰਮੁਖਿ ਹਰਿ ਸਹਿਜ ਰੰਗੁ ਲਾਇਆ॥**

ਅਰਜਨ ਨੂੰ ਪੁੱਛਿਆ ਗਿਆ ਸੀ ਕਿ ਤੈਨੂੰ ਕੀ ਦਿਖਾਈ ਦੇ ਰਿਹਾ ਹੈ। ਉਸ ਨੇ ਕਿਹਾ ਮੈਨੂੰ ਸਿਰਫ਼ ਤੇ ਸਿਰਫ਼ ਚਿੜੀ ਦੀ ਅੱਖ ਦਿਖਾਈ ਦੇ ਰਹੀ ਹੈ। ਮੈਨੂੰ ਦਰੱਖ਼ਤ, ਟਹਿਣੀ ਜਾਂ ਚਿੜੀ ਦੇ ਸਰੀਰ ਦਾ ਪਤਾ ਨਹੀਂ ਕਿੱਥੇ ਹੈ। ਜਾਂ ਉਸ ਦੇ ਪੈਰ ਕਿੱਥੇ ਹਨ। ਕਿਉਂਕਿ ਇਨਸਾਨ ਦੀ ਬੋਲਣੀ ਅਤੇ ਵੇਖਣੀ ਇੱਕ ਹੋਵੇ ਭਾਵ ਇੱਕ ਜਗ੍ਹਾ ਲਿਵ ਲੱਗੀ ਹੋਵੇ ਫਿਰ ਉਹ ਸੱਚਾ ਧਿਆਨ ਹੈ।

**ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ**

**ਤਿਮਰ ਅਗਿਆਨੁ ਅੰਧੇਰੁ ਚੁਕਾਇਆ॥**

ਜਿਸ ਦੇ ਅੰਦਰ ਮਾਲਿਕ ਗੁਰਬਾਣੀ ਦਾ ਗਿਆਨ ਬਖਸ਼ ਦੇਣ ਉਸ ਦੇ ਅੰਦਰੋਂ ਆਪਣੇ ਆਪ ਆਗਿਆਨਤਾ ਦਾ ਹਨੇਰਾ ਖਤਮ ਹੋ ਜਾਂਦਾ ਹੈ।

*ਸਤਿਗੁਰ ਨਾਨਕ ਪ੍ਰਗਟਿਆ*
*ਮਿਟੀ ਧੁੰਧ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ*
*ਤਾਰੇ ਛਪੇ ਅੰਧੇਰ ਪਲੋਆ॥*
*ਸਿੰਘ ਬੁਕੇ ਮਿਰਗਾਵਲੀ*
*ਭੰਨੀ ਜਾਇ ਨ ਧੀਰਿ ਧਰੋਆ॥*

ਜਿੱਥੇ ਗੁਰਬਾਣੀ ਦੀ ਬਖਸ਼ਿਸ਼ ਹੁੰਦੀ ਹੈ ਉਥੋਂ ਹਨੇਰਾ ਦੌੜ ਜਾਂਦਾ ਹੈ ਅਤੇ ਮਾਲਿਕ ਦੇ ਨਾਮ ਦੀ ਬਖਸ਼ਿਸ਼ ਹੋ ਜਾਂਦੀ ਹੈ।

ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਸੰਗਤ ਵਿਚੋਂ ਕਈ ਜੀਵ ਬਹੁਤ ਉਬਾਸੀਆਂ ਲੈਂਦੇ ਹਨ। ਬੱਸ ਡਰਾਈਵਰ ਦੇ ਕੋਲ ਵਾਲੀ ਸੀਟ ਉੱਪਰ ਬੈਠਾ ਜੀਵ ਅਗਰ ਉਬਾਸੀਆਂ ਲੈਂਦਾ ਹੋਵੇ ਤਾਂ ਬੱਸ ਡਰਾਈਵਰ ਝੱਟ ਕਹਿ ਦਿੰਦੇ ਹਨ ਕਿ ਭਾਈ ਤੂੰ ਪਿੱਛੇ ਚਲਾ ਜਾਹ। ਤੂੰ ਉਬਾਸੀਆਂ ਲੈ ਰਿਹਾ ਏਂ ਅਤੇ ਮੈਨੂੰ ਸੁਸਤੀ ਪਾ ਰਿਹਾ ਏਂ, ਡਰਾਇਵਰੀ ਵੀ ਨਹੀਂ ਕਰਨ ਦੇ ਰਿਹਾ। ਸੋਈ ਅਗਰ ਕਿਸੇ ਨੂੰ ਉਬਾਸੀ ਆਉਂਦੀ ਹੈ ਤਦ ਉਹ ਕਿਰਪਾ ਕਰਕੇ ਮੂੰਹ ਅੱਗੇ ਹੱਥ ਰੱਖ ਲਿਆ ਕਰੋ। ਅਗਰ ਹੱਥ ਨਹੀਂ ਰੱਖਣੇ ਤਾਂ ਰੁਮਾਲ ਕੱਢ ਕੇ ਮੂੰਹ ਅੱਗੇ ਰੱਖ ਲਿਆ ਕਰੋ। ਤੁਸੀਂ ਉੱਥੇ ਬੈਠੇ ਉਬਾਸੀਆਂ ਲੈਂਦੇ ਹੋ ਅਤੇ ਸੁਸਤੀ ਸਾਨੂੰ ਪੈ ਜਾਂਦੀ ਹੈ। ਤੁਸੀਂ ਤਾਂ ਘਰੋਂ ਸਿੱਧੇ ਇੱਥੇ ਆਏ ਹੋਵੋਗੇ ਪਰ ਅਸੀਂ ਤਿੰਨ-ਚਾਰ ਕੰਮ ਸਵੇਰ ਦੇ ਕਰਕੇ ਆਏ ਹਾਂ। ਇਸ ਕਰਕੇ ਇੱਥੇ ਸੋਮਨ ਹੋ ਕੇ ਬੈਠਣਾ ਚਾਹੀਦਾ ਹੈ। ਉਬਾਸੀ ਜਾਂ ਛਿੱਕ ਆਉਣੀ ਕੁਦਰਤੀ ਹੈ ਜਾਂ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਤਦ ਆਉਂਦੀ ਹੈ। ਪਰ ਜੇਕਰ ਮਾਲਿਕ ਨੇ ਹੱਥ ਬਖਸ਼ੇ ਹਨ ਫੇਰ ਮੂੰਹ ਅੱਗੇ ਹੱਥ ਰੱਖ ਲਉ। ਬਹਾਨੇ ਨਾਲ ਕਰਕੇ ਦੇਖ ਲਉ ਕੁਝ ਨਾ ਕੁਝ ਫਰਕ ਤਾਂ ਪੈ ਹੀ ਜਾਂਦਾ ਹੈ। ਇਸ ਕਰਕੇ ਜਿੰਨੇ ਵੀ ਜੀਵ ਅੱਗੇ ਬੈਠਦੇ ਹਨ ਜਾਂ ਐਸੀ ਜਗ੍ਹਾ ਬੈਠਦੇ ਹਨ ਕਿ ਬਾਬਾ ਜੀ ਸਾਨੂੰ ਦੇਖੀ ਜਾਣ ਅਗਰ ਉਹਨਾਂ ਨੂੰ ਉਬਾਸੀਆਂ ਆਉਂਦੀਆਂ ਹਨ ਤਾਂ ਪਿੱਛੇ ਬੈਠ ਜਾਇਆ ਕਰੋ ਕਿਉਂਕਿ

ਕੜਵਾ ਹੈ ਸਤਿਨਾਮੁ ਦੇਖ ਕੇ ਜਲੇ ਸਰੀਰਾ।
ਰੋਟੀ ਖਾਵਣਹਾਰ ਕਿਉਂ ਕਰ ਖਾਇਗਾ ਹੀਰਾ।

ਨਾਮ ਦੀ ਐਸੀ ਲਜ਼ਿਤ ਹੈ ਜਦੋਂ ਮਨ ਇਸ ਨੂੰ ਗ੍ਰਹਿਣ ਕਰਦਾ ਹੈ ਤਦ ਬਦੋ-ਬਦੀ ਸੌਣ ਨੂੰ ਚਿੱਤ ਕਰਦਾ ਹੈ। ਸੋਈ ਜਿਸ ਨੂੰ ਨੀਂਦ ਆਉਂਦੀ ਹੋਵੇ ਉਹ ਉੱਠ ਕੇ ਪਿੱਛੇ ਚਲੇ ਜਾਇਆ ਕਰੋ। ਐਸਾ ਨਹੀਂ ਹੈ ਕਿ ਅਸੀਂ ਤੁਹਾਨੂੰ ਜਰੂਰੀ ਸੱਦਣਾ ਹੈ ਜਾਂ ਤੁਹਾਡੇ ਆਉਣ ਜਾਂ ਨਾ ਆਉਣ ਨਾਲ ਸਾਨੂੰ ਕੋਈ ਲਾਭ ਜਾਂ ਘਾਟਾ ਪੈਣਾ ਹੈ। ਜੋ ਜੀਵ ਅੱਗੇ ਬੈਠਦੇ ਹਨ ਉਹ ਚੁਕੰਨੇ ਹੋ ਕੇ ਬੈਠਿਆ ਕਰੋ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੈ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ ਸੰਗ੍ਰਾਂਦ ਮਹੀਨਾ ਵੈਸਾਖ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥**

ਜੇਠ ਦਾ ਮਹੀਨਾ 14.5.2010 ਸ਼ੁੱਕਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜੇਠ ਦਾ ਮਹੀਨਾ ਬਹੁਤ ਹੀ ਭਾਗਾਂ ਵਾਲਾ ਹੈ, ਅੱਛਾ ਹੈ। ਜਦੋਂ ਜੀਵ ਨੂੰ ਵਧੀਆ ਚੀਜ਼ ਦੀ ਜਾਂ ਸੁੱਖ ਦੀ ਪ੍ਰਾਪਤੀ ਹੋਵੇ ਉਦੋਂ ਮਾਲਿਕ ਨੂੰ ਵਿਸਰਨਾ ਨਹੀਂ ਚਾਹੀਦਾ। ਵਿਸਾਖ ਦੇ ਮਹੀਨੇ ਵਿੱਚ ਵਾਢੀਆਂ ਪੈਂਦੀਆਂ ਹਨ। ਜਿਮੀਂਦਾਰ ਫਸਲ ਕੱਟ ਕੇ ਫਲ੍ਹਿਆਂ ਨਾਲ ਗਾਹ ਕੇ ਫੇਰ ਪੈਦਾਵਾਰ, ਉਪਜ ਨੂੰ ਘਰ ਲਿਆ ਕੇ ਜੇਠ ਦੇ ਮਹੀਨੇ ਵਿੱਚ ਖੁਸ਼ੀਆਂ ਮਨਾਉਂਦੇ ਹੁੰਦੇ ਸਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਹਜ਼ੂਰ ਨੇ ਸਾਡੀ ਕਮਾਈ ਵਿੱਚ ਬਰਕਤ ਪਾ ਕੇ ਸਾਰੇ ਸਾਲ ਦੀ ਕਮਾਈ ਦਾ ਫਲ ਬਖਸ਼ਿਸ਼ ਕੀਤਾ ਹੈ ਤਦ ਉਸ ਖੁਸ਼ੀ ਵਿੱਚ ਸਾਨੂੰ ਮਾਲਿਕ ਨੂੰ ਭੁਲਾਉਣਾ ਨਹੀਂ ਚਾਹੀਦਾ। ਸਗੋਂ ਧੰਨਵਾਦ ਕਰਨਾ ਚਾਹੀਦਾ ਹੈ। ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਸੱਚੇ ਪਾਤਿਸ਼ਾਹੋ! ਤੁਸੀਂ ਬਖਸ਼ਿਸ਼ ਕੀਤੀ ਹੈ। ਜਦੋਂ 1952 ਵਿੱਚ ਹੜ੍ਹ ਆਏ ਸਨ, ਉਦੋਂ ਐਨਾ ਜ਼ਿਆਦਾ ਨੁਕਸਾਨ ਹੋਇਆ ਸੀ ਕਿ ਲੋਕਾਂ ਨੇ ਫਸਲਾਂ ਗਾਹ ਕੇ ਜੋ ਧੜਾਂ ਲਗਾਈਆਂ ਸਨ ਉਹ ਰੁੜ ਗਈਆਂ ਸਨ। ਤੂੜੀ ਤਾਂ ਸਾਰੀ ਹੀ ਰੁੜ ਗਈ ਸੀ ਪਰ ਕਣਕਾਂ ਨੂੰ ਲੋਕਾਂ ਨੇ ਝਾੜੂ ਲਾ-ਲਾ ਕੇ ਇਕੱਠਾ ਕੀਤਾ ਸੀ। ਤਦੇ ਸਾਡੇ ਬਜ਼ੁਰਗ ਕਹਿੰਦੇ ਹਨ

*ਲੱਗੀ ਖੇਤੀ ਦੇਖ ਕੇ ਗਰਬ ਗਿਆ ਕਿਰਸਾਨ।*

*ਝੱਖੜ, ਮੀਂਹ ਹਨੇਰੀਆਂ ਘਰ ਆਏ ਤਾਂ ਜਾਣ।*

ਕਿ ਕਿਰਸਾਨ ਖੇਤੀ ਦੇਖ ਕੇ ਬਹੁਤ ਖੁਸ਼ ਹੁੰਦਾ ਹੈ ਪਰ ਕਿਸ ਤਰ੍ਹਾਂ ਦੀਆਂ ਮੀਂਹ ਅਤੇ ਹਨੇਰੀਆਂ ਆਉਣੀਆਂ ਹਨ ਉਸ ਨੂੰ ਪਤਾ ਨਹੀਂ ਹੁੰਦਾ। ਸੋਈ ਉਦੋਂ ਵਿਸਾਖ ਦੇ ਮਹੀਨੇ ਵਿੱਚ ਕਣਕ ਪੱਕਦੀ ਸੀ। ਅੱਜ ਕੱਲ ਕਣਕ ਦੇਰੀ ਨਾਲ ਪੱਕਦੀ ਹੈ। ਪਰ ਪਹਿਲਾਂ ਸਾਲ ਵਿੱਚ ਇੱਕ ਹਾੜ੍ਹੀ ਦੀ ਅਤੇ ਇੱਕ ਸਾਉਣੀ ਦੀ ਫਸਲ ਹੁੰਦੀ ਸੀ। ਲੋਕ ਕੱਤਕ ਦੇ ਮਹੀਨੇ ਵਿੱਚ ਕਣਕ ਬੀਜ ਲੈਂਦੇ ਹਨ ਪਰ ਹੁਣ ਅਸੀਂ ਲੋਕਾਂ ਨੂੰ ਦਿਸੰਬਰ ਦੇ ਮਹੀਨੇ ਵਿੱਚ ਕਣਕ ਬੀਜਦਿਆਂ ਦੇਖਿਆ ਹੈ। ਲੋਹੜੀ 'ਤੇ ਕਣਕ ਬੀਜਦਿਆਂ ਦੇਖਿਆ ਹੈ। ਹੁਣ ਫਸਲਾਂ ਲੇਟ ਪੱਕਦੀਆਂ ਹਨ ਪਰ ਉਸ ਸਮੇਂ ਵਿਸਾਖ ਵਿੱਚ 100% ਵਾਢੀ ਪੈ ਜਾਂਦੀ ਸੀ। ਅਤੇ ਜੇਠ ਦੇ ਮਹੀਨੇ ਤੱਕ ਲੋਕ ਫਸਲ ਕੱਢ ਦੇ ਘਰ ਲੈ ਆਉਂਦੇ ਸੀ। ਹਜ਼ੂਰ ਪਹਿਲੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਇਸ ਮਹੀਨੇ ਵਿੱਚ ਬਰਕਤ ਪਈ ਹੈ। ਫਸਲ ਘਰ ਆਈ ਹੈ, ਖੁਸ਼ੀਆਂ ਹਨ ਫੇਰ ਆਪਾਂ ਮਾਲਿਕ ਨੂੰ ਕਿਉਂ ਵਿਸਰਦੇ ਹਾਂ।

**ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥**

ਇਸ ਮਹੀਨੇ ਵਿੱਚ ਜਦੋਂ ਤਪਸ਼ ਅਤੇ ਗਰਮੀ ਪੈ ਰਹੀ ਹੋਵੇ ਉਸ ਵਕਤ ਮਾਲਿਕ ਅੱਗੇ ਫਰਿਆਦ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਬਾਰਿਸ਼ ਪਾਉ ਤਾਂ ਕਿ ਸ਼ਾਂਤੀ ਹੋਵੇ, ਗਰਮੀ ਤੋਂ ਰਾਹਤ ਮਿਲੇ। ਅੱਜਕੱਲ ਪੱਖੇ ਚੱਲਦੇ ਹਨ। ਅਗਰ ਇੱਕ ਮਿੰਟ ਲਈ ਵੀ ਲਾਈਟ ਚਲੀ ਜਾਵੇ ਫਟਾ ਫਟ ਜੈਨਰੇਟਰ ਚਾਲੂ ਕਰਨ ਲਈ ਕਹੀਦਾ ਹੈ। ਪਰ ਕੱਲ ਦੀਆਂ ਹੀ ਗੱਲਾਂ ਹਨ। 1967-68 ਵਿੱਚ ਅਸੀਂ ਹਜ਼ੂਰ ਦੇ ਦਰਬਾਰ ਵਿੱਚ ਜਾਂਦੇ ਹੁੰਦੇ ਸੀ। ਉਸ ਵਕਤ ਜਦੋਂ ਸਤਿਸੰਗ ਹੁੰਦਾ ਸੀ ਕਿਸੇ ਪੱਖੇ ਜਾਂ ਹਾਲ ਦਾ ਸਾਧਨ ਨਹੀਂ ਹੁੰਦਾ ਸੀ। ਜਦੋਂ ਕਿਤੇ ਤੰਬੂ ਲੱਗ ਜਾਣੇ ਆਪਾਂ ਕਹਿਣਾ ਅੱਜ ਛਾਵੇਂ ਬੈਠ ਕੇ ਸਤਿਸੰਗ ਸੁਣਿਆ ਹੈ। ਸਾਡੇ ਹਜ਼ੂਰ ਦੇ ਦਰਬਾਰ ਵਿੱਚ ਸਿਰਫ ਹਜ਼ੂਰ ਦੇ ਆਸਣ ਉੱਪਰ ਹੀ ਚੰਦੋਆ ਲੱਗਾ ਹੁੰਦਾ ਸੀ। ਬਾਕੀ ਸਾਰੀ ਸੰਗਤ ਬਾਹਰ ਧੁੱਪ ਵਿੱਚ ਬੈਠ ਕੇ ਸਤਿਸੰਗ ਸੁਣਦੀ ਸੀ। ਆਹਿਸਤਾ-ਆਹਿਸਤਾ ਤੰਬੂ ਲੱਗਣੇ ਸ਼ੁਰੂ ਹੋਏ। ਫੇਰ ਜੋ ਪੋਲ ਲੱਗੇ ਹੁੰਦੇ ਸੀ ਉਹਨਾਂ ਨਾਲ ਪੱਖੇ ਲੱਗੇ ਹੁੰਦੇ ਸੀ ਅਤੇ ਉਹ ਵੀ ਬੜੀ ਬਹਾਦਰੀ ਸਮਝਦੇ ਸੀ। ਪਰ ਉਂਝ ਸੰਗਤ ਦੇ ਪ੍ਰਾਣੀ ਵੱਡੇ-ਵੱਡੇ ਝਾਲਰਾਂ ਵਾਲੇ ਪੱਖੇ ਲੈ ਕੇ ਸੰਗਤ ਨੂੰ ਹਵਾ ਦੇਣ ਲਈ ਫੇਰਿਆ ਕਰਦੇ ਸੀ। ਐਸਾ ਨਹੀਂ ਕਿ ਸਾਡੇ ਹਜ਼ੂਰ ਦੇ ਦਰਬਾਰ ਵਿੱਚ ਇੰਝ ਸੀ। ਵੱਡੇ-ਵੱਡੇ ਗੁਰਦੁਆਰਿਆਂ ਅਤੇ ਮੰਦਰਾਂ ਵਿੱਚ ਵੀ ਉਹਨਾਂ ਪੱਖਿਆਂ ਨਾਲ ਹੀ ਸੰਗਤ ਨੂੰ ਝੱਲ ਮਾਰੀ ਜਾਂਦੀ ਸੀ। ਹੁਣ ਐਸਾ ਨਹੀਂ ਹੈ ਕਿ ਅਸੀਂ ਗਰਮੀ ਦੇਖ ਕੇ ਮਾਲਿਕ ਨਾਲ ਰੁੱਸ ਜਾਣਾ ਹੈ ਬਲਕਿ ਆਪਾਂ ਮਾਲਿਕ ਅੱਗੇ ਅਰਦਾਸ ਕਰਨੀ ਹੈ ਕਿ ਹਜ਼ੂਰ ਗਰਮੀ ਬਹੁਤ ਜ਼ਿਆਦਾ ਹੈ ਬਾਰਿਸ਼ ਪਾਉ।

**ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਹੜੀ ਸੁਰਤ ਇਸ ਤਰ੍ਹਾਂ ਮਾਲਿਕ ਅੱਗੇ ਫਰਿਆਦ ਕਰਦੀ ਹੈ ਉਹ ਮਾਲਿਕ ਨੂੰ ਚੰਗੀ ਲੱਗਦੀ ਹੈ। ਕਿਉਂਕਿ ਉਸ ਮਾਲਿਕ ਅੱਗੇ ਅਰਦਾਸਾਂ, ਫਰਿਆਦਾਂ, ਜੋਦੜੀਆਂ ਹੀ ਕੰਮ ਆਉਂਦੀਆਂ ਹਨ। ਰੁੱਸਣਾ ਜਾਂ ਬਰਾਬਰੀ ਕੰਮ ਨਹੀਂ ਆਉਂਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ ਜਿਹੜੀਆਂ ਆਤਮਾਵਾਂ ਗੁਰੂ ਘਰ ਵਿੱਚ ਅਰਦਾਸਾਂ ਬੇਨਤੀਆਂ ਕਰਦੀਆਂ ਹਨ ਉਹੋ ਹੀ ਸਤਿਕਾਰੀਆਂ ਜਾਂਦੀਆਂ ਹਨ।

**ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥**

ਗੁਰੂ ਘਰ ਦੇ ਵਿੱਚ ਮਹਿਲ ਬੈਰਾਗੀ ਅਰਥਾਤ ਹਜ਼ੂਰ ਜਿਸ ਨੂੰ ਮਹਿਲ ਅਤੇ ਵੈਰਾਗ ਬਖਸ਼ਦੇ ਹਨ ਉਹੋ ਹੀ ਸੱਚੀ ਕਮਾਈ ਹੈ। ਹਜ਼ੂਰ ਐਸਾ ਰਾਜ਼ ਅਤੇ ਭੇਦ ਬਖ਼ਸ਼ ਰਹੇ ਹਨ ਕਿ ਤੁਸੀਂ ਨਿਸ਼ਚੇ ਰੱਖਿਉ। ਜਦੋਂ ਤੁਹਾਡੀ ਆਤਮਾ ਨੇ ਅੱਗੇ ਜਾਣਾ ਹੈ ਰਸਤੇ ਵਿੱਚ ਧਰਮਰਾਜ ਦੀ ਚੁੰਗੀ ਆਉਣੀ ਹੈ। ਉੱਥੇ ਧਰਮਰਾਜ ਨੇ ਪੁੱਛਣਾ ਹੈ ਕਿ ਦੱਸ ਤੂੰ ਕੋਈ ਭਗਤੀ, ਸਿਮਰਨ, ਪੂਜਾ ਜਾਂ ਪਾਠ ਕੀਤਾ ਹੈ? ਬਹੁਤ ਸਾਰੀ ਸੰਗਤ ਦੱਸਦੀ ਹੈ ਕਿ ਜਦੋਂ ਉਹਨਾਂ ਨੇ ਧਰਮਰਾਜ ਨੂੰ ਦੱਸਿਆ ਕਿ ਅਸੀਂ ਫਲਾਣੀ ਜਗਾਹ ਦਾ ਸਤਿਸੰਗ ਸੁਣਦੇ ਸੀ ਜਾਂ ਉੱਥੋਂ ਉਪਦੇਸ਼ ਲਿਆ ਸੀ। ਤਦ ਜਿਹੜੇ ਮਾਲਿਕ ਦੀ ਦਰਗਾਹ ਵਿੱਚ ਕਬੂਲੇ ਹਨ ਉਹਨਾਂ ਦੀ ਸੰਗਤ ਕਰਨ ਵਾਲੇ ਨੂੰ ਧਰਮਰਾਜ ਦੇ ਪਿਆਦੇ ਕੁਝ ਨਹੀਂ ਕਹਿੰਦੇ, ਅੱਗੇ ਜਾਣ ਦਿੰਦੇ ਹਨ। ਉਸ ਜਗਾਹ ਨੂੰ ਬੈਕੁੰਠ ਕਿਹਾ ਗਿਆ ਹੈ ਅਤੇ ਉੱਥੇ ਕਥਾ ਹੋ ਰਹੀ ਹੁੰਦੀ ਹੈ।

*ਤਹਾ ਬੈਕੁੰਠੁ ਜਹ ਕੀਰਤਨੁ ਤੇਰਾ..........॥(ਅੰਗ 749)*

ਜਿਹੜੇ ਸਾਧੂ ਉੱਥੇ ਅਪਣਾਏ ਨਹੀਂ ਹੁੰਦੇ ਉਹਨਾਂ ਦੀ ਸੰਗਤ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ।

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*

ਉੱਥੇ ਕਰਮ ਧਰਮ ਦੀ ਵੀ ਪੇਸ਼ ਨਹੀਂ ਜਾਂਦੀ।

*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥੧॥ (ਅੰਗ 747)*

ਉੱਥੇ ਕੇਵਲ ਸਿਮਰਨ ਕੀਤਾ ਹੀ ਜੀਵ ਦੇ ਕੰਮ ਆਉਂਦਾ ਹੈ। ਸੋਈ ਉਹੋ ਹੀ ਆਤਮਾ ਅੰਦਰ ਦਾਖਲ ਹੋ ਸਕਦੀ ਹੈ ਜਿਸ ਨੇ ਪੂਰਨ ਸੰਤਾਂ ਦੀ ਸੰਗਤ ਕਰਕੇ ਭਗਤੀ ਅਤੇ ਸਿਮਰਨ ਕੀਤਾ ਹੁੰਦਾ ਹੈ।

**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇੱਕ ਲੜਕੀ ਨਿਮਾਣੀ ਅਤੇ ਨਿਤਾਣੀ ਹੋ ਕੇ ਮਹਿਲਾਂ ਵਿੱਚ ਫਿਰਦੀ ਹੈ, ਉਸ ਨੂੰ ਸੁਖ ਉਦੋਂ ਮਿਲਦਾ ਹੈ ਜਦੋਂ ਉਸ ਦਾ ਪਤੀ ਉਸ ਨੂੰ ਸਤਿਕਾਰ ਦਿੰਦਾ ਹੈ, ਅਪਣਾਅ ਲੈਂਦਾ ਹੈ। ਅਗਰ ਇੱਕ ਲੜਕੀ ਪੜ੍ਹੀ ਲਿਖੀ, ਸੋਹਣੀ ਅਤੇ ਅਮੀਰ ਘਰ ਦੀ ਵੀ ਹੈ ਪਰ ਜੇ ਉਸ ਦਾ ਪਤੀ ਉਸ ਨੂੰ ਸਤਿਕਾਰ ਨਹੀਂ ਦਿੰਦਾ ਤਦ ਉਸ ਦੀ ਪੜ੍ਹਾਈ ਜਾਂ ਸੁਹੱਪਣ ਕਿਸੇ ਕੰਮ ਨਹੀਂ ਆਉਂਦਾ। ਇਸ ਤਰ੍ਹਾਂ ਜੋ ਸੁਰਤਾਂ ਸਿਮਰਨ ਕਰਦੀਆਂ ਹਨ ਉਹਨਾਂ ਨੂੰ ਬਾਹਰ ਕੋਈ ਮੰਨੇ ਜਾਂ ਨਾਂ ਮੰਨੇ ਪਰ ਗੁਰੂ ਘਰ ਵਿੱਚ ਉਹਨਾਂ ਨੂੰ ਪਿਆਰ ਅਤੇ ਸਤਿਕਾਰ ਮਿਲਦਾ ਹੈ।

**ਨਾਨਕ ਜੇਠਿ ਜਾਣੈ ਤਿਸੁ ਜੈਸੀ**
**ਕਰਮਿ ਮਿਲੈ ਗੁਣ ਗਹਿਲੀ॥੭॥**

ਜੇਠ ਵੱਡੇ ਨੂੰ ਕਿਹਾ ਗਿਆ ਹੈ। ਇਹ ਮਹੀਨਾ ਬਹੁਤ ਉੱਚਾ ਅਤੇ ਸੁੱਚਾ ਹੈ। ਅਗਰ ਜੀਵ ਸਿਮਰਨ ਕਰਦਾ ਹੈ, ਅੱਛੇ ਕਰਮ ਕਰਦਾ ਹੈ ਤਦ ਮਾਲਿਕ ਉਸ ਨੂੰ ਇਸ ਮਹੀਨੇ ਵਿੱਚ ਅਵੱਸ਼ ਫਲ ਬਖਸ਼ਦੇ ਹਨ। ਜੇਠ ਦੇ ਮਹੀਨੇ ਵਿੱਚ ਜੋ ਵੀ ਪ੍ਰਾਣੀ ਸਿਮਰਨ ਕਰਕੇ, ਮਾਲਿਕ ਕੋਲ ਫਰਿਆਦ ਕਰਦੇ ਹਨ ਕਿ ਹਜ਼ੂਰ ਸਾਡੇ ਉੱਪਰ ਰਹਿਮਤ ਅਤੇ ਬਖਸ਼ਿਸ਼ ਕਰੋ ਤਦ ਉਸ ਜੀਵ ਨੂੰ ਹਜ਼ੂਰ ਪਿਆਰ ਬਖਸ਼ਦੇ ਹਨ।

ਸੋਈ ਜੇਠ ਦਾ ਮਹੀਨਾ ਸ਼ੁੱਕਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦੇ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਵੱਲ ਲਾਇਆ ਹੈ ਇਸੇ ਤਰ੍ਹਾਂ ਲਾਈ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੇਠ ਦੇ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰਿਆਂ ਨੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 134)**

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸ਼ਹੀਦਾਂ ਦੇ ਸਿਰਤਾਜ ਫ਼ੁਰਮਾਨ ਕਰ ਰਹੇ ਹਨ ਕਿ ਜੇਠ ਸਭ ਤੋਂ ਵੱਡੇ ਨੂੰ ਕਿਹਾ ਗਿਆ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਵੀ ਆਪਣੇ ਮਾਤਾ-ਪਿਤਾ ਦੇ ਪਹਿਲੇ ਬੱਚੇ ਸਨ। ਉਹਨਾਂ ਦਾ ਨਾਮ ਹੀ ਭਾਈ ਜੇਠਾ ਜੀ ਰੱਖਿਆ ਗਿਆ ਸੀ। ਕਿਉਂਕਿ ਜਿਆਦਾਤਰ ਜੋ ਪਹਿਲੇ ਬੱਚੇ ਹੁੰਦੇ ਸਨ ਉਹਨਾਂ ਦਾ ਨਾਮ ਜੇਠਾ ਸਿੰਘ ਰੱਖ ਲਿਆ ਜਾਂਦਾ ਸੀ, ਜੇਠਾ ਰਾਮ ਰੱਖ ਲੈਂਦੇ ਸੀ ਕਿਉਂਕਿ ਉਹ ਸਭ ਤੋਂ ਵੱਡਾ ਗਿਣਿਆ ਜਾਂਦਾ ਸੀ। ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਜੇਠ ਤੋਂ ਭਾਵ ਸਭ ਤੋਂ ਉੱਚਾ ਅਤੇ ਸੁੱਚਾ ਹੈ।

*ਸਭ ਪਰ ਤੁਮਰੀ ਸਾਹਿਬੀ ਤੁਮ ਪਰ ਸਾਹਿਬ ਨਾਹੀ।*

ਘਰ ਵਿੱਚ ਜੇਠ ਨੂੰ ਵੱਡਾ ਹੋਣ ਕਰਕੇ ਸਤਿਕਾਰ ਦਿੱਤਾ ਜਾਂਦਾ ਸੀ। ਕੁਦਰਤ ਦਾ, ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ ਦਾ ਅਸੂਲ ਹੈ ਕਿ ਜਿਸ ਘਰ ਵਿੱਚ ਜੇਠਾ ਲੜਕਾ ਪੈਦਾ ਹੋਇਆ ਹੋਵੇ ਭਾਵ ਉਸ ਦੀ ਵੱਡੀ ਭੈਣ ਨਾ ਹੋਵੇ, ਐਸਾ ਨਹੀਂ ਕਿ ਉਸ ਦਾ ਹੋਰ ਵੀ ਵੱਡਾ ਭਰਾ ਹੋਵੇ ਅਰਥਾਤ ਉਸ ਦੀ ਮਾਤਾ ਦੀ ਉਸ ਤੋਂ ਪਹਿਲਾਂ ਮਿਸਕੈਰੇਜ ਵੀ ਨਾ ਹੋਈ ਹੋਵੇ, ਉਹ ਪਰਿਵਾਰ ਦਾ ਵੱਡਾ ਮੈਂਬਰ ਹੋਵੇ। ਅਗਰ ਗੜੇ ਪੈਣ ਲੱਗ ਪੈਣ ਅਤੇ ਉਹ ਜੇਠਾ ਪੁੱਤਰ ਪੰਸੇਰੀ ਵੱਟਾ ਲੈ ਕੇ ਸਤਿਨਾਮ ਵਾਹਿਗੁਰੂ ਜਾਂ ਰਾਮ ਰਾਮ ਕਹਿ ਕੇ ਜਦੋਂ ਬਾਹਰ ਸੁੱਟਦਾ ਸੀ ਉਦੋਂ ਹੀ ਗੜੇ ਬੰਦ ਹੋ ਜਾਂਦੇ ਸਨ। ਅਸੀਂ ਆਪਣੀਆਂ ਅੱਖਾਂ ਨਾਲ ਵੀ ਇਹ ਦੇਖਿਆ ਹੈ ਕਿ ਪਿੰਡ ਵਿੱਚ ਜਿਹੜਾ ਵੀ ਜੇਠਾ ਬੱਚਾ ਹੁੰਦਾ ਸੀ ਲੋਕਾਂ ਨੇ ਜਾ ਕੇ ਕਹਿਣਾ ਕਿ ਇਸ ਨੂੰ ਕਹੋ ਪੰਸੇਰੀ ਬਾਹਰ ਸੁੱਟੇ ਤਾਂ ਕਿ ਗੜੇ ਬੰਦ ਹੋਣ। ਚਾਹੇ ਉਹ ਜੇਠਾ ਜੀਵ ਪਾਠ ਕਰਨ ਵਾਲਾ ਹੁੰਦਾ ਸੀ ਜਾਂ ਨਹੀਂ ਪਰ ਉਸ ਵਕਤ ਜਦੋਂ ਸਿਮਰਨ ਕਰਕੇ ਸਤਿਨਾਮੁ-ਵਾਹਿਗੁਰੂ, ਰਾਮ-ਰਾਮ ਕਹਿ ਕੇ ਪੰਸੇਰੀ ਸੁੱਟ ਦਿੰਦਾ ਸੀ ਤਦ ਗੜੇ ਬੰਦ ਹੋ ਜਾਂਦੇ ਸੀ। ਤੁਸੀਂ ਆਪ ਸੋਚ ਲਵੋ ਕਿ ਕੁਦਰਤ ਵੀ ਉਸ ਨੂੰ ਵੱਡਾ ਸਮਝ ਕੇ ਕਿੰਨਾ ਸਤਿਕਾਰ ਦਿੰਦੀ ਹੈ। ਫੇਰ ਉਹ ਮਾਲਿਕ, ਅਕਾਲ ਪੁਰਖ ਵਾਹਿਗੁਰੂ ਤਾਂ ਬਹੁਤ ਹੀ ਉੱਚੇ ਅਤੇ ਸੁੱਚੇ ਹਨ। ਇਸ ਕਰਕੇ ਉਸ ਤਾਕਤ ਦੀ ਸ਼ਰਨ ਵਿੱਚ ਜਾਉ ਜਿਸ ਦੇ ਅੱਗੇ ਸਾਰੇ ਸਿਰ ਝੁਕਾਉਂਦੇ ਹਨ।

**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥**

ਅਗਰ ਜੇਠ ਵਿੱਚ ਉਸ ਸਭ ਤੋਂ ਉੱਚੀ ਸੁੱਚੀ ਤਾਕਤ ਨੇ ਰੱਖਿਆ ਨਾ ਕੀਤੀ ਤਦ ਤੁਹਾਨੂੰ ਹੋਰ ਕਿਸੇ ਨੇ ਬਚਾਉਣਾ ਨਹੀਂ ਹੈ। ਤੁਹਾਡਾ ਕਿਸੇ ਨੇ ਸਹਾਰਾ ਨਹੀਂ ਬਣਨਾ ਕਿਉਂਕਿ

*ਸਾਹਿਬ ਅੱਖਾਂ ਫੇਰੀਆਂ ਵੈਰੀ ਕੁਲ ਜਹਾਨ।*

ਜਦੋਂ ਕੁਦਰਤ ਦੀ ਕਰੋਪੀ ਆਉਂਦੀ ਹੈ ਤਾਂ ਰਿਸ਼ਤੇਦਾਰ, ਦੋਸਤ, ਮਿੱਤਰ, ਭੈਣ, ਭਰਾ ਸਾਰੇ ਹੀ ਸਾਥ ਛੱਡ ਜਾਂਦੇ ਹਨ।

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥*
*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥*

*(ਅੰਗ 1429)*

ਅਗਰ ਮਾਲਿਕ ਦੀ ਨਜ਼ਰ ਸਵੱਲੀ ਨਾ ਹੋਵੇ ਤਾਂ ਦੂਸਰੇ ਵੀ ਸਹਾਰਾ ਨਹੀਂ ਦਿੰਦੇ।

**ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥**

ਹੁਣ ਆਪਾਂ ਜਿੰਨੇ ਵੀ ਬੈਠੇ ਹਾਂ ਕੋਈ ਇੱਕ ਭਰਾ ਹੈ ਕੋਈ ਦੋ, ਤਿੰਨ, ਚਾਰ ਭਰਾ ਹਨ। ਸਭ ਨੇ ਆਪਣੇ ਬਾਪ ਦੀ ਜਾਇਦਾਦ ਵਿੱਚੋਂ ਹਿੱਸਾ ਲੈਣਾ ਹੈ। ਪਰ ਜੇਕਰ ਕੋਈ ਬੱਚਾ ਪੜ੍ਹਾਈ ਵੱਧ ਕਰ ਲੈਂਦਾ ਹੈ ਤਦ ਦੂਸਰਾ ਭਰਾ ਉਸ ਦੀ ਪੜ੍ਹਾਈ ਵਿੱਚੋਂ ਹਿੱਸਾ ਨਹੀਂ ਵੰਡਾ ਸਕਦਾ। ਪੜ੍ਹਾਈ ਜਿਸ ਨੇ ਕਰਨੀ ਹੈ ਉਸੇ ਕੋਲ ਹੀ ਰਹਿਣੀ ਹੈ। ਉਸ ਪੜ੍ਹਾਈ ਲਈ ਭਰਾ ਦਾਅਵਾ, ਮੁਕੱਦਮਾ ਵੀ ਨਹੀਂ ਕਰ ਸਕਦਾ ਕਿ ਇਸ ਕੋਲ ਬਹੁਤੀਆਂ ਜਮਾਤਾਂ ਹਨ ਮੈਂ ਇਸ ਦਾ ਭਰਾ ਹਾਂ, ਅਸੀਂ ਇੱਕੋ ਪਿਉ ਦੇ ਪੁੱਤਰ ਹਾਂ ਇਸ ਕਰਕੇ ਮੈਨੂੰ ਹਿੱਸੇ ਆਉਂਦੀਆਂ ਜਮਾਤਾਂ ਦੇਵੇ। ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ ਹੈ ਜਾਂ ਇੱਕ ਭਰਾ ਦੂਸਰੇ ਭਰਾ ਨੂੰ ਕੁੱਟ ਕੇ ਉਸ ਕੋਲੋਂ ਜਮਾਤਾਂ ਖੋਹ ਨਹੀਂ ਸਕਦਾ। ਇਸ ਤਰ੍ਹਾਂ ਜੋ ਜੀਵ ਸਿਮਰਨ ਕਰ ਲੈਂਦੇ ਹਨ ਉਹਨਾਂ ਦੇ ਕੀਤੇ ਹੋਏ ਸਿਮਰਨ ਦਾ ਫਲ ਦੂਜਾ ਭਰਾ ਨਹੀਂ ਲੈ ਸਕਦਾ, ਭੈਣ ਨਹੀਂ ਲੈ ਸਕਦੀ।

*ਸਾਚ ਕਹੂੰ ਸੁਨ ਲੇਹ ਸਭੈ*
*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ॥*

ਉਸ ਨੂੰ ਸੰਨ੍ਹ ਵੀ ਨਹੀਂ ਲੱਗ ਸਕਦੀ ਕਿ ਭਰਾ ਸਿਰਹਾਣੇ ਦੇ ਥੱਲੇ ਜਮਾਤਾਂ ਰੱਖ ਕੇ ਸੌਂ ਜਾਏ ਅਤੇ ਦੂਸਰਾ ਭਰਾ ਚੋਰੀ ਕਰਕੇ ਵਰਤ ਲਵੇ। ਕਈ ਵਾਰ ਜੀਵ ਪੈਸੇ ਜਾਂ ਜ਼ੇਵਰ ਸਿਰਹਾਣੇ ਰੱਖ ਕੇ ਸੌਂ ਜਾਂਦਾ ਹੈ ਅਤੇ ਉਹ ਚੋਰੀ ਹੋ ਜਾਂਦੇ ਹਨ। ਪਰ ਇਸ ਪੜ੍ਹਾਈ ਦੇ ਅਤੇ ਨਾਮ ਦੇ ਧਨ ਨੂੰ ਸੰਨ੍ਹ ਵੀ ਨਹੀਂ ਲੱਗ ਸਕਦੀ। ਕੋਈ ਚੋਰੀ ਵੀ ਨਹੀਂ ਚੁਰਾ ਸਕਦਾ।

ਕੋਈ ਮਰਾਸੀ ਸਨ। ਉਹ ਬਹੁਤ ਖੁਸ਼ ਰਹਿੰਦੇ ਸਨ। ਕਿਉਂਕਿ ਉਹ ਮਾਲਿਕ ਦੇ ਪਿਆਰੇ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਬਹੁਤੀ ਬਾਣੀ ਮਰਾਸੀਆਂ ਦੀ ਹੈ, ਭੱਟਾਂ ਦੀ ਹੈ। ਉਹਨਾਂ ਮਰਾਸੀਆਂ ਨੇ ਐਨੇ ਖੁਸ਼ ਰਹਿਣਾ ਤਾਂ ਚੋਰਾਂ ਨੇ ਸੋਚਿਆ ਕਿ ਇਹਨਾਂ ਕੋਲ ਬਹੁਤਾ ਧਨ ਹੋਵੇਗਾ ਤਦ ਖੁਸ਼ ਰਹਿੰਦੇ ਹਨ। ਚੋਰ ਚੋਰੀ ਕਰਨ ਲਈ ਉਹਨਾਂ ਦੇ ਘਰ ਚਲੇ ਗਏ। ਉਹ ਬਥੇਰਾ ਆਲਿਆਂ ਵਿੱਚ ਹੱਥ ਮਾਰਨ। ਪਹਿਲਾਂ ਕੰਧਾਂ ਵਿੱਚ ਹੀ ਮਿੱਟੀ ਦੇ ਆਲੇ ਬਣਾ ਕੇ ਉਹਨਾਂ ਨੂੰ ਕੁੰਡਾ ਲਾਇਆ ਹੁੰਦਾ ਸੀ। ਮਰਾਸੀ ਬਹੁਤ ਆਲਸੀ ਸਨ ਉਹਨਾਂ ਨੇ ਕਦੇ ਘਰ ਦੀ ਸਫਾਈ ਨਹੀਂ ਸੀ ਕੀਤੀ। ਉਹਨਾਂ ਆਲਿਆਂ ਵਿੱਚ ਜਾਲਾ ਲੱਗਾ ਹੋਇਆ ਸੀ। ਜਦੋਂ ਚੋਰਾਂ ਨੇ ਆਲਿਆਂ ਵਿੱਚ ਹੱਥ ਮਾਰਿਆ ਤਾਂ ਹੱਥ ਕਾਲੇ ਹੋ ਗਏ। ਚੋਰ ਨੇ ਜਦੋਂ ਮੂੰਹ ਉੱਪਰ ਹੱਥ ਫੇਰਿਆ ਤਾਂ ਮੂੰਹ ਕਾਲਾ ਹੋ ਗਿਆ। ਪਰ ਮਰਾਸੀ ਸ਼ੌਕੀਨ ਬਹੁਤ ਹੁੰਦੇ ਹਨ। ਉਹਨਾਂ ਨੇ ਘਰ ਦੇ ਅੰਦਰ ਵੜਨ ਲੱਗਿਆਂ ਅਤੇ ਬਾਹਰ ਨਿਕਲਣ ਲੱਗਿਆਂ ਵੀ ਸ਼ੀਸ਼ਾ ਲਾਇਆ ਹੁੰਦਾ ਹੈ। ਜਦੋਂ ਚੋਰ ਨੇ ਸ਼ੀਸ਼ਾ ਵੇਖਿਆ ਉਹ ਚੋਰ ਦੂਸਰੇ ਚੋਰ ਨੂੰ ਕਹਿਣ ਲੱਗਾ ਓਏ ਇੱਥੋਂ ਮਿਲਿਆ ਕੁਝ ਵੀ ਨਹੀਂ ਹੈ ਪਰ ਮੂੰਹ ਕਾਲਾ ਹੋ ਗਿਆ ਹੈ। ਮਰਾਸੀ ਕਹਿਣ ਲੱਗਾ ਜਜਮਾਨ! ਮੂੰਹ ਤੁਹਾਡਾ ਨਹੀਂ ਮੇਰਾ ਕਾਲਾ ਹੋ ਗਿਆ ਹੈ ਜਿਸ ਦੇ ਘਰੋਂ ਤੁਹਾਨੂੰ ਕੁਝ ਨਹੀਂ ਮਿਲਿਆ। ਚੋਰਾਂ ਨੇ ਪੁੱਛਿਆ ਅਗਰ ਤੁਹਾਡੇ ਕੋਲ ਕੁਝ ਨਹੀਂ ਹੈ ਫੇਰ ਤੁਸੀਂ ਐਨੇ ਖੁਸ਼ ਕਿਉਂ ਰਹਿੰਦੇ ਹੋ? ਮਰਾਸੀ ਨੇ ਉੱਤਰ ਦਿੱਤਾ ਇਹ ਤਾਂ ਮਾਲਿਕ ਦੀ ਕਿਰਪਾ ਹੈ। ਸੋਈ ਲਕਸ਼ ਇਹ ਹੈ ਕਿ ਕਈ ਬਹੁਤ ਖੁਸ਼ ਰਹਿੰਦੇ ਹਨ ਪਰ ਕਈਆਂ ਬੀਬੀਆਂ ਅਤੇ ਪੁਰਸ਼ਾਂ ਦਾ ਸੁਭਾਅ ਹੀ ਐਸਾ ਹੁੰਦਾ ਹੈ ਕਿ ਮੱਥੇ ਉੱਪਰ ਛੇ-ਸੱਤ ਵੱਲ, ਤਿਉੜੀਆਂ ਪਾਈਆਂ ਹੁੰਦੀਆਂ ਹਨ। ਪਰ ਕਈ ਜੀਵ ਹਸਮੁੱਖ

ਸੁਭਾਅ ਵਾਲੇ ਹੁੰਦੇ ਹਨ। ਸੋਈ ਖੁਸ਼ੀ ਮਾਲਿਕ ਦੀ ਬਖਸ਼ੀ ਹੋਈ ਹੀ ਆਉਂਦੀ ਹੈ। ਕਈਆਂ ਨੂੰ ਚਾਹੇ ਕੁਝ ਵੀ ਮਿਲ ਜਾਵੇ ਉਹ ਖੁਸ਼ ਨਹੀਂ ਹੁੰਦੇ। ਪਰ ਕਈ ਜੀਵ ਮਾਲਿਕ ਦੇ ਬਹੁਤ ਪਿਆਰੇ ਹੁੰਦੇ ਹਨ ਉਹ ਹਰ ਇੱਕ ਨਾਲ ਹੱਸ ਕੇ ਬੋਲਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਨਾਮ ਇੱਕ ਐਸੀ ਵਸਤੂ ਹੈ, ਦਾਤ ਹੈ ਜਿਸ ਨੂੰ ਕੋਈ ਚੋਰੀ ਨਹੀਂ ਕਰ ਸਕਦਾ। ਪਰ ਜਿਹਨਾਂ ਨੂੰ ਦਾਤ ਮਿਲਦੀ ਹੈ ਉਹ ਪ੍ਰਾਪਤ ਕਿਸ ਤਰ੍ਹਾਂ ਕਰਦੇ ਹਨ ਇਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਰੰਗ ਸਭੇ ਨਰਾਇਣੈ ਜੇਤੇ ਮਨਿ ਭਾਵੰਨਿ॥**

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥*

*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥*

*(ਅੰਗ 726)*

ਉਹ ਹਰ ਰੰਗ ਵਿੱਚ ਖੁਸ਼ ਰਹਿੰਦੇ ਹਨ। ਉਹ ਕਹਿੰਦੇ ਹਨ ਕਿ

*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ*

*ਜੇ ਨਿੰਦੈ ਤ ਛੋਡਿ ਨ ਜਾਈ॥੯॥ (ਅੰਗ 757)*

ਗਮ, ਖੁਸ਼ੀਆਂ, ਔਖ, ਸੌਖ ਜਿੰਦਗੀ ਵਿੱਚ ਆਉਂਦੇ ਰਹਿੰਦੇ ਹਨ। ਪਰ ਜੇਕਰ ਜੀਵ ਸੋਚੇ ਕਿ ਮੇਰੇ ਮਾਲਿਕ ਨੂੰ ਇਹ ਚੰਗਾ ਲੱਗਦਾ ਹੈ ਤਾਂ ਹੀ ਇਸ ਤਰ੍ਹਾਂ ਹੋਇਆ ਹੈ ਤਦ ਜੀਵ ਨੂੰ ਖਿੱਝ ਅਤੇ ਮੁਸ਼ਕਲਾਂ ਘੱਟ ਆਉਣਗੀਆਂ।

**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥**

ਜੋ ਵਾਹਿਗੁਰੂ, ਹਰੀ, ਅੱਲਾਹ, ਗਾਡ, ਰਾਮ ਨੂੰ ਅੱਛਾ ਲੱਗੇ ਜੀਵ ਵੀ ਅਗਰ ਉਹੋ ਹੀ ਕੰਮ ਕਰਦਾ ਹੈ ਤਦ ਉਸ ਨੂੰ ਕਹਿਣਾ ਚਾਹੀਦਾ ਹੈ ਕਿ ਹਜ਼ੂਰ ਦੀ ਕਿਰਪਾ ਸਦਕਾ ਹੀ ਠੀਕ ਹੋਇਆ ਹੈ। ਅਸੀਂ ਵੀ ਕਈ ਵਾਰ ਸੋਚਦੇ ਹਾਂ ਕਿ ਹਸਪਤਾਲਾਂ ਦਾ ਐਨਾ ਵੱਡਾ ਖਿਲਾਰਾ ਪਾ ਲਿਆ ਹੈ। ਅਗਰ ਆਹ ਬਿਲਡਿੰਗ ਘੱਟ ਬਣਾ ਲੈਂਦੇ, ਔਹ ਬਿਲਡਿੰਗ ਘੱਟ ਬਣਾ ਲੈਂਦੇ ਕਿਉਂਕਿ

*ਅਉਰੋਂ ਕੋ ਗਿਆਨ ਮਿਸਾਲਚੀ ਜਾਏਂ ਅੰਧੇਰੇ।*

*ਤਿਉਂ ਗਿਆਨੀ ਕੇ ਗਿਆਨ ਮੇਂ ਸਦਾ ਹੀ ਰਹਤੇ ਘੇਰੇ।*

*ਮੁੱਲਾਂ ਅਉਰ ਮਿਸਾਲਚੀ ਦੋਨੋ ਏਕ ਸਮਾਨ।*

*ਅਉਰੋਂ ਕੋ ਚਾਨਣ ਕਰੇਂ ਖੁਦ ਅੰਧੇਰੇ ਜਾਨ।*

ਕਈ ਵਾਰ ਬੈਠੇ-ਬੈਠੇ ਸੋਚੀਦਾ ਹੈ ਕਿ

*ਪੰਜ ਵਕਤ ਨਮਾਜਾਂ ਪੜ੍ਹਦੇ ਸੀ*

*ਗਲ ਇਸ਼ਕ ਦੀ ਵਾਹੀ ਪਾ ਬੈਠੇ।*

ਕਿ ਅਸੀਂ ਹਸਪਤਾਲ ਚਲਾ ਰਹੇ ਸੀ ਫੇਰ ਸਾਹਮਣੇ ਵਾਲੀ ਬਿਲਡਿੰਗ ਕਿਉਂ ਸ਼ੁਰੂ ਕਰ ਲਈ। ਕਰੋੜਾਂ ਰੁਪਏ ਲੱਗ ਰਹੇ ਹਨ। ਚੌਵੀ ਘੰਟੇ ਚਿੰਤਾ ਲੱਗੀ ਰਹਿੰਦੀ ਹੈ। ਅੱਜ ਅਸੀਂ ਮਨ ਨੂੰ ਸਮਝਾਇਆ ਹੈ ਕਿ ਮਨਾ! ਇੱਕ ਪਾਸੇ ਨੂੰ ਲੋਕਾਂ ਨੂੰ ਸਮਝਾਉਂਦਾ ਏਂ ਕਿ ਮਾਲਿਕ ਜੋ ਵੀ ਕਰਦੇ ਹਨ ਚੰਗਾ ਕਰਦੇ ਹਨ ਫੇਰ ਕੀ ਸਾਡੇ ਕਹਿਣ ਤੇ ਇਹ ਹਸਪਤਾਲ ਚੱਲ ਰਿਹਾ ਸੀ? ਇਹ ਸੋਚਣ ਨਾਲ ਸਾਡਾ ਬਲੱਡ ਪਰੈਸ਼ਰ ਜੋ ਤਿੰਨ ਚਾਰ ਦਿਨ ਤੋਂ ਚਿੰਤਾ ਕਰਨ ਨਾਲ ਘਟਿਆ ਹੋਇਆ ਸੀ ਉਹ ਠੀਕ ਹੋ ਗਿਆ ਹੈ। ਚਿੰਤਾ ਆਉਣੀ ਵੀ ਜੀਵ ਦੇ ਵੱਸ ਨਹੀਂ ਹੈ। ਜਦੋ ਅਸੀਂ ਸੋਚਦੇ ਹਾਂ ਕਿ ਇਹ ਠੀਕ ਨਹੀਂ ਹੋਇਆ ਉਦੋਂ ਮੁਸ਼ਕਲ ਆਉਂਦੀ ਹੈ ਕਿਉਂਕਿ ਸਭ ਕੁਝ ਮਾਲਿਕ ਹੀ ਕਰਦੇ ਹਨ ਵਰਨਾ ਅਸੀਂ ਤਾਂ ਬਚਪਨ ਵਿੱਚ ਦੇਖਿਆ ਸੀ ਕਿ ਮੱਝਾਂ ਦੀਆਂ ਪੱਠੇ ਪਾਉਣ ਵਾਲੀਆਂ ਕੱਚੀਆਂ ਖੁਰਲੀਆਂ ਉੱਪਰ ਇੱਕ ਲੱਕੜ ਲਗਾਈਦੀ ਸੀ ਤਾਂ ਕਿ ਮੱਝ ਦੇ ਸੰਗਲ ਨਾਲ ਖੁਰਲੀ ਨਾ ਢਹਿ ਜਾਏ। ਹੁਣ ਹਜ਼ੂਰ ਨੇ ਐਨੇ ਐਨੇ ਵੱਡੇ ਮਹੱਲ ਬਖਸ਼ ਦਿੱਤੇ ਹਨ। ਅਜੇ ਵੀ ਆਪਾਂ ਸੰਤੁਸ਼ਟ ਨਹੀਂ ਹੁੰਦੇ। ਫੇਰ ਜੀਵ ਨੂੰ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਹੈ। ਅਸੀਂ ਆਪਣੀ ਗਲਤੀ ਦੱਸ ਦਿੱਤੀ ਹੈ। ਤੁਸੀਂ ਵੀ ਆਪਣੀ ਗਲਤੀ ਚੇਤੇ ਕਰ ਲਇਉ। ਜੀਵ ਨੂੰ ਆਪਣੀ ਗਲਤੀ ਬਹੁਤ ਔਖੀ ਲੱਭਦੀ ਹੈ। ਅਗਰ ਕੋਈ ਕੰਮ ਵਿਗੜਦਾ ਹੈ ਜਾਂ ਢਿੱਲਾ ਮੱਠਾ ਹੁੰਦਾ ਹੈ। ਤੁਸੀਂ ਇਹ ਸੋਚੋਗੇ ਕਿ ਮੇਰੇ ਕੋਲੋਂ ਗਲਤੀ ਹੋਈ ਹੈ ਫੇਰ ਹੋਰ ਨੁਕਸਾਨ ਹੋਵੇਗਾ। ਬਲਿਕ ਇਹ ਸੋਚੋ ਕਿ ਹਜ਼ੂਰ ਨੇ ਜਿਸ ਤਰ੍ਹਾਂ ਕਰਵਾਇਆ ਹੈ ਠੀਕ ਹੈ। ਜਦੋਂ ਇੰਝ ਸੋਚ ਲਵੋਗੇ ਉਸੇ ਵਕਤ ਬਹੁਤ ਸਾਰੇ ਕੰਮ ਠੀਕ ਹੋ ਜਾਂਦੇ ਹਨ। ਅਗਰ ਅਸੀਂ ਕਹਾਂਗੇ ਕਿ ਚੰਗਾ ਹੋਇਆ ਤਾਂ ਅਸੀਂ ਕੀਤਾ ਹੈ ਮਾੜਾ ਹੋਇਆ ਹੈ ਤਾਂ ਮਾਲਿਕ ਨੇ ਮਾੜਾ ਕੀਤਾ ਹੈ ਫੇਰ ਵੀ ਮਾਰ ਖਾਂਦੇ ਹਾਂ। ਆਪਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੋ ਵੀ ਹੋਇਆ ਹੈ, ਮਾਲਿਕ ਦੀ ਰਜ਼ਾ ਵਿੱਚ ਹੋਇਆ ਹੈ। ਸਾਡੇ ਹਜ਼ੂਰ ਫੁਰਮਾਇਆ ਕਰਦੇ ਸਨ ਕਿ ਅਗਰ ਖਰਬੂਜਾ ਪਾਣੀ ਵਿੱਚ ਡਿੱਗ ਕੇ ਸੋਚੇ ਕਿ ਮੈਂ ਕਿਸੇ ਬੰਨੇ ਲੱਗ ਜਾਵਾਂ ਤਦ ਉਹ ਨਹੀਂ ਲੱਗ ਸਕਦਾ। ਫੇਰ ਪਾਣੀ ਹੀ ਉਸ ਨੂੰ ਰੋੜ੍ਹ ਕੇ ਜਿੱਧਰ ਲੈ ਜਾਵੇਗਾ ਖਰਬੂਜੇ ਨੂੰ ਉੱਧਰ ਹੀ ਜਾਣਾ ਪਵੇਗਾ। ਹੁਣ ਆਪਾਂ ਚਾਹੇ ਚੀਂ ਕਰੀਏ, ਚਾਹੇ ਪੈਂ ਕਰੀਏ

*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ*

*ਖਿਲਾਵਨਹਾਰੋ ਜਾਨੈ॥ (ਅੰਗ 206)*

ਕਾਠ ਦੀ ਪੁਤਲੀ ਨੂੰ ਨਚਾਉਣ ਵਾਲਾ ਜਿਸ ਤਰ੍ਹਾਂ ਨਚਾਉਂਦਾ ਹੈ ਉਹ ਉਸੇ ਤਰ੍ਹਾਂ ਨੱਚਦੀਆਂ ਹੈ। ਹਜ਼ੂਰ ਹੀ ਕਿਰਪਾ ਕਰਨ ਸਾਨੂੰ ਇਹ ਪਤਾ ਹੋਵੇ ਕਿ ਅਸੀਂ ਅੱਛੇ ਅਤੇ ਨੇਕ ਕਰਮ ਕਰਨੇ ਹਨ। ਪਰ ਉਸ ਦਾ ਫਲ ਜੋ ਵੀ ਦੇਣਾ ਹੈ ਹਜ਼ੂਰ ਨੇ ਹੀ ਦੇਣਾ ਹੈ। ਜਦੋਂ ਅਸੀਂ ਐਸੀ ਸੋਚ ਲਿਆਵਾਂਗੇ ਫੇਰ ਹਜ਼ੂਰ ਸਾਡੇ ਗਲਤ ਖਿਆਲਾਂ ਅਤੇ ਗਲਤ ਸੋਚਾਂ ਨੂੰ ਆਪਣੇ ਆਪ ਠੀਕ ਕਰ ਦਿੰਦੇ ਹਨ।

**ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥**

ਜਿਹੜੇ ਜੀਵਾਂ ਨੂੰ ਐਸਾ ਭਾਵ ਆ ਜਾਂਦਾ ਹੈ ਉਹ ਧੰਨ ਹੁੰਦੇ ਹਨ।

**Monthly GURBANI UPMA Regd. No. RN 42490/87**
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨ ਜੋ ਤੇਰਾ ਨਾਉ॥*
*(ਅੰਗ 722)*

ਜੋ ਜੀਵ ਇਸ ਤਰ੍ਹਾਂ ਮਾਲਿਕ ਦੇ ਭਾਣੇ ਵਿੱਚ ਰਹਿੰਦੇ ਹਨ ਉਹ ਜੀਵ ਧੰਨ ਹਨ।

**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥**

ਅਗਰ ਸਾਡਾ ਕੀਤਾ ਕੁਝ ਹੁੰਦਾ ਹੋਵੇ ਫੇਰ ਕੋਈ ਵਿੱਛੜੇ ਹੀ ਨਾ ਅਤੇ ਸਾਨੂੰ ਵਿਛੋੜੇ ਦਾ ਰੋਣਾ ਵੀ ਨਾ ਆਵੇ। ਕਿਉਂਕਿ ਜੋ ਇਨਸਾਨ ਇੱਥੇ ਆਇਆ ਹੈ ਉਸ ਦੇ ਜਾਣ ਦਾ ਟਾਈਮ ਵੀ ਮੁਕੱਰਰ ਹੈ। ਜੋ ਵੀ ਉਸ ਨੇ ਕਰਨਾ ਹੈ ਉਹ ਵੀ ਮੁਕੱਰਰ ਹੈ। ਪਰ ਕਈ ਦਫਾ ਸਾਧੂ ਕਰਮ ਰੇਖ ਨੂੰ ਬੰਦਗੀ ਸਦਕਾ ਠੀਕ ਕਰ ਦਿੰਦੇ ਹਨ। ਅਗਰ ਸਾਡੇ ਪਛਤਾਇਆਂ ਜਾਂ ਰੋਸ ਕੀਤਿਆਂ ਗੱਲ ਬਣਦੀ ਹੋਵੇ ਤਦ ਅਸੀਂ ਸਾਰੇ ਹੀ ਮਾਲਿਕ ਨਾਲ ਰੋਸ ਕਰਕੇ ਕਿਸੇ ਨੂੰ ਵਿਛੜਨ ਨਾ ਦੇਈਏ।

**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥**

ਐ ਜੀਵ! ਅਗਰ ਤੂੰ ਸੁਖ ਚਾਹੁੰਦਾ ਏਂ ਤਦ ਸਾਧੂਆਂ ਦੀ ਸੰਗਤ ਕਰ। ਹੁਣ ਦੁਨੀਆਂ ਵਿੱਚ ਪਤਾ ਕਿੰਝ ਲੱਗੇ ਕਿ ਸੱਚੇ ਸਾਧੂ ਕਿਹੜੇ ਹਨ। ਪਰ ਨਿਸ਼ਚੇ ਰੱਖੋ

*ਜੇ ਲੋੜਹਿ ਸਦਾ ਸੁਖੁ ਭਾਈ॥*
*ਸਾਧੂ ਸੰਗਤਿ ਗੁਰਹਿ ਬਤਾਈ॥ (ਅੰਗ 1182)*

ਤਥਾ

*ਏਕ ਏਕ ਦੁਖ ਸਭਨ ਕੋ ਸੁਖੀਆ ਹਰਿ ਕਾ ਦਾਸ॥*

ਤਥਾ

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ (ਅੰਗ 1140)*

ਅਗਰ ਤੁਸੀਂ ਜ਼ਿੰਦਗੀ ਵਿੱਚ ਸੁੱਖ ਦੀ ਪ੍ਰਾਪਤੀ ਚਾਹੁੰਦੇ ਹੋ ਤਦ ਉਹ ਕੇਵਲ ਸਾਧੂ ਦੀ ਸੰਗਤ ਵਿੱਚੋਂ ਹੀ ਮਿਲਦੀ ਹੈ।

**ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥**

ਜੇਠ ਅਰਥਾਤ ਸਭ ਤੋਂ ਉੱਚੀ ਸੁੱਚੀ ਤਾਕਤ ਦਾ ਮਿਲਾਪ ਜਿਸ ਜੀਵ ਨੂੰ ਪ੍ਰਾਪਤ ਹੋ ਜਾਂਦਾ ਹੈ ਉਹ ਜੀਵ ਧਨੀ ਹੈ। ਉੱਚੇ ਭਾਗਾਂ ਵਾਲਾ ਹੈ ਜਿਸ ਨੂੰ ਐਸੀ ਤਾਕਤ ਮਿਲ ਜਾਂਦੀ ਹੈ ਕਿਉਂਕਿ

*ਵਡੇ ਵਡੇ ਜੋ ਦੀਸਹਿ ਲੋਗ॥*
*ਤਿਨ ਕਉ ਬਿਆਪੈ ਚਿੰਤਾ ਰੋਗ॥੧॥*
*ਕਉਨ ਵਡਾ ਮਾਇਆ ਵਡਿਆਈ॥*
*ਸੋ ਵਡਾ ਜਿਨਿ ਰਾਮ ਲਿਵ ਲਾਈ॥੧॥ (ਅੰਗ 188)*

ਜੋ ਹਰੀ ਅਤੇ ਵਾਹਿਗੁਰੂ ਨਾਲ ਲਿਵ ਲਾਉਂਦੇ ਹਨ ਉਹ ਸਭ ਤੋਂ ਉੱਚੇ ਅਤੇ ਸੁੱਚੇ ਹਨ।

ਹਜ਼ੂਰ ਕਿਰਪਾ ਕਰਨ। ਜੇਠ ਦਾ ਮਹੀਨਾ ਸ਼ੁੱਕਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੁਸ਼ੀਆਂ, ਖੇੜੇ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜਿਹੜੀ ਸੰਗਤ ਵਿਦੇਸ਼ ਵਿੱਚ ਹੋਣ ਕਾਰਨ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ, ਹਜ਼ੂਰ ਉਹਨਾਂ ਦੀਆਂ ਵੀ ਹਾਜਰੀਆਂ ਕਬੂਲ ਕਰਕੇ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglchhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** | **ਜਿਲਦ-੨੩ ਅੰਕ 3** | **ਮਈ : ੨੦੧੦** | **ਕੀਮਤ : 6 ਰੁਪੈ**